ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 1 | Jan.-Mar. 2026

ISSN: 2583-9446 (O)
Paper Published Id: ARMN040110
Available online at: www.armaan.org.in
DOI: https://doi.org/10.64119/armaan.vol.4.issue1.10

# ਪਹਿਲਾ ਨਕਸਲੀ ਕਾਨੂ ਸਾਨਿਆਲ ਦੀ ਜੀਵਨੀ: ਇੱਕ ਅਧਿਐਨ

## Pahila Naksali Kaanu Saniyal Di Jivni : Ik Adhiyain

**ਜਗਤਾਰ ਸਿੰਘ (Jagtar singh)**
ਖੋਜਾਰਥੀ, ਪੰਜਾਬੀ ਵਿਭਾਗ (Research Scholar, Dept. of Punjabi)
ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪੰਜਾਬ)
Email ID: avara55jagtar@gmail.com ਮੋਬਾਈਲ: +91-99149-88744

*ਸਾਰ (Abstract)*

ਹਥਲੇ ਖੋਜ-ਪੱਤਰ ਦਾ ਵਿਸ਼ਾ ਬੱਪਾਦੱਤਯਾ ਪਾਲ ਦੁਆਰਾ ਲਿਖੀ ਅਤੇ ਨਿਰਮਲਜੀਤ ਦੁਆਰਾ ਅਨੁਵਾਦਿਤ ਪੁਸਤਕ 'ਪਹਿਲਾ ਨਕਸਲੀ ਕਾਨੂ ਸਾਨਿਆਲ ਦੀ ਜੀਵਨੀ' ਦਾ ਅਧਿਐਨ ਕਰਨਾ ਹੈ। ਇਹ ਪੁਸਤਕ ਕਾਨੂ ਸਾਨਿਆਲ ਦੇ ਜੀਵਨ ਕਾਰਜਾਂ ਨੂੰ 1929 ਤੋਂ 2010 ਤੱਕ ਦੇ ਕਾਲਕ੍ਰਮ ਵਿੱਚ ਇਸ ਤਰ੍ਹਾਂ ਪੇਸ਼ ਕਰਦੀ ਹੈ ਕਿ ਇਹ ਉਸ ਦੌਰ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਢਾਂਚੇ ਦਾ ਇੱਕ ਮਹੱਤਵਪੂਰਨ ਇਤਿਹਾਸਕ ਦਸਤਾਵੇਜ਼ ਬਣ ਜਾਂਦੀ ਹੈ। ਇਸ ਵਿੱਚ ਸਾਨਿਆਲ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੇ ਅਮਲੀ ਸੰਘਰਸ਼ ਇੱਕਮਿਕ ਹੋਏ ਨਜ਼ਰ ਆਉਂਦੇ ਹਨ। ਲੇਖਕ ਅਨੁਸਾਰ, ਕਾਨੂ ਸਾਨਿਆਲ ਦਾ ਜੀਵਨ ਉਨ੍ਹਾਂ ਦੇ ਕਾਰਜਾਂ ਨਾਲ ਇੰਨਾ ਅਭੇਦ ਹੈ ਕਿ ਦੋਵਾਂ ਨੂੰ ਇੱਕ-ਦੂਜੇ ਤੋਂ ਨਿਖੇੜਨਾ ਅਸੰਭਵ ਹੈ। ਇਹ ਪੁਸਤਕ ਅਸਲ ਵਿੱਚ ਕਾਨੂ ਸਾਨਿਆਲ ਦੇ ਸੰਘਰਸ਼ਾਂ ਰਾਹੀਂ ਨਕਸਲੀ ਲਹਿਰ ਦਾ ਦਸਤਾਵੇਜ਼ੀ ਪ੍ਰਗਟਾਵਾ ਕਰਦੀ ਹੈ। ਜੀਵਨੀ ਵਿੱਚ ਕਿਤੇ-ਕਿਤੇ ਦੁਹਰਾਓ, ਵਾਧੂ ਵਿਸਥਾਰ ਅਤੇ ਜੀਵਨੀਕਾਰ ਦੀ ਨਾਇਕ ਪ੍ਰਤੀ ਉਲਾਰ ਬਿਰਤੀ ਵਰਗੀਆਂ ਕਮੀਆਂ ਦੇ ਬਾਵਜੂਦ, ਇਹ ਆਪਣੇ ਸਮੇਂ ਦੀ ਪ੍ਰਮਾਣਿਕ ਇਤਿਹਾਸਕ ਗਾਥਾ ਪੇਸ਼ ਕਰਨ ਵਿੱਚ ਸਫਲ ਰਹੀ ਹੈ। ਅਨੁਵਾਦ ਦੇ ਪੱਖ ਤੋਂ ਇਹ ਨੁਕਤਾ ਵਿਚਾਰਨਯੋਗ ਹੈ ਕਿ ਹਿੰਦੀ ਅਨੁਵਾਦ 'ਪਹਿਲਾ ਨਕਸਲੀ ਕਾਨੂ ਸਾਨਿਆਲ ਕੀ ਅਧਿਕਿਰਤ ਜੀਵਨੀ' 'ਤੇ ਆਧਾਰਿਤ ਹੋਣ ਦੇ ਬਾਵਜੂਦ, ਅਨੁਵਾਦਕ ਨੇ ਇਸ ਦਾ ਸਪਸ਼ਟ ਜ਼ਿਕਰ ਨਹੀਂ ਕੀਤਾ, ਜਿਸ ਨਾਲ ਇਹ ਅੰਗਰੇਜ਼ੀ ਦੀ ਮੂਲ ਪੁਸਤਕ ਤੋਂ ਕੀਤਾ ਅਨੁਵਾਦ ਪ੍ਰਤੀਤ ਹੁੰਦਾ ਹੈ। ਸਮੁੱਚੇ ਤੌਰ 'ਤੇ, ਇਹ ਪੁਸਤਕ ਨਕਸਲਬਾੜੀ ਲਹਿਰ ਦੇ ਇਤਿਹਾਸ ਅਤੇ ਪੰਜਾਬੀ ਅਨੁਵਾਦ ਪਰੰਪਰਾ ਵਿੱਚ ਇੱਕ ਉਲੇਖਣੀ ਯੋਗਦਾਨ ਹੈ।

***ਕੀਵਰਡ (Keyword):*** *ਜੀਵਨੀ, ਸ਼ਖ਼ਸੀਅਤ, ਨਕਸਲਬਾੜੀ ਲਹਿਰ, ਸਮਾਜਵਾਦ, ਮਾਰਕਸਵਾਦ, ਹਥਿਆਰਬੰਦ ਕ੍ਰਾਂਤੀ।*

ਹਥਲੇ ਪੇਪਰ ਦਾ ਵਿਸ਼ਾ ਬੱਪਾਦੱਤਯਾ ਪਾਲ ਦੁਆਰਾ ਲਿਖੀ ਪੁਸਤਕ 'ਪਹਿਲਾ ਨਕਸਲੀ ਕਾਨੂ ਸਾਨਿਆਲ ਦੀ ਜੀਵਨੀ' ਦਾ ਇਕ ਅਧਿਐਨ ਹੈ, ਜਿਸ ਦਾ ਪੰਜਾਬੀ ਅਨੁਵਾਦ ਨਿਰਮਲਜੀਤ ਨੇ ਕੀਤਾ ਹੈ। ਬੱਪਾਦੱਤਯਾ ਪਾਲ 'ਦ ਨਿਊਜ਼ਮੈਨ' ਦੇ ਸੰਪਾਦਕ, ਜਨ ਸੰਚਾਰ (ਮਾਸ ਕਮਿਊਨੀਕੇਸ਼ਨ) ਵਿੱਚ ਮਾਸਟਰ ਡਿਗਰੀ ਪ੍ਰਾਪਤ ਇਕ ਸੀਨੀਅਰ ਪੱਤਰਕਾਰ ਹਨ। ਬਤੌਰ ਪੱਤਰਕਾਰ ਉਨ੍ਹਾਂ ਨੇ ਨਕਸਲਵਾਦ ਤੋਂ ਲੈ ਕੇ ਗੋਰਖਾਲੈਂਡ ਅੰਦੋਲਨ, ਸਮਕਾਲੀ ਭਾਰਤੀ ਰਾਜਨੀਤੀ ਅਤੇ ਵਾਤਾਵਰਣ ਦੀ ਦੁਰਦਸ਼ਾ ਆਦਿ ਵਿੰਭਿਨ ਮੁੱਦਿਆਂ ਤੇ ਲੇਖ ਲਿਖੇ ਹਨ। ਇਸ ਪੁਸਤਕ ਵਿੱਚ ਕਾਨੂ ਸਾਨਿਆਲ ਦੇ ਜੀਵਨ ਦੇ ਵਿਸ਼ੇਸ਼ ਕਾਰਜਾਂ ਨੂੰ ਇਸ ਤਰ੍ਹਾਂ ਕਾਲਕ੍ਰਮ ਵਿੱਚ ਪ੍ਰੋਇਆ ਗਿਆ ਹੈ ਕਿ ਇਹ ਪੁਸਤਕ 1929 ਤੋਂ 2010 ਤੱਕ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਢਾਂਚੇ ਨੂੰ ਕਲਾਵੇ ਵਿਚ ਲੈਂਦੀ ਹੋਈ, ਇੱਕ ਇਤਿਹਾਸਕ ਦਸਤਾਵੇਜ਼ੀ ਜੀਵਨੀ ਬਣ ਜਾਂਦੀ ਹੈ। ਇਸ ਵਿੱਚ ਕਾਨੂ ਸਾਨਿਆਲ ਦੀ ਸ਼ਖ਼ਸੀਅਤ, ਕਾਰਜ ਤੇ ਅਮਲੀ ਜੀਵਨ ਇੱਕਮਿਕ ਹੋਇਆ ਜਾਪਦਾ ਹੈ। ਬੱਪਾਦੱਤਯਾ ਪਾਲ ਦੇ ਸ਼ਬਦਾਂ ਵਿੱਚ, "

> *ਅਜਿਹਾ ਕਦੀ ਹੀ ਹੁੰਦਾ ਹੈ ਕਿ ਕਿਸੇ ਇੱਕ ਵਿਅਕਤੀ ਦੀ ਕਹਾਣੀ ਉਸ ਦੇ ਦੁਆਰਾ ਕੀਤੇ ਗਏ ਕਾਰਜਾਂ ਦੇ ਨਾਲ ਇੰਨੀ ਜ਼ਿਆਦਾ ਇੱਕ ਮਿੱਕ ਹੋ ਜਾਂਦੀ ਹੈ ਕਿ ਉਸ ਵਿਅਕਤੀ ਵਿਸ਼ੇਸ਼ ਨੂੰ ਅਤੇ ਉਸ ਦੇ ਕਾਰਜ ਨੂੰ ਇੱਕ ਦੂਜੇ ਤੋਂ ਜੁਦਾ ਕਰਨਾ ਅਸੰਭਵ ਹੋਵੇ।"[1]*

ਉਪਰੋਕਤ ਕਥਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਪੁਸਤਕ ਵਿਚ ਕਾਨੂੰ ਸਾਨਿਆਲ ਦੀ ਕਹਾਣੀ ਅਸਲ ਵਿਚ ਉਸ ਦੁਆਰਾ ਕੀਤੇ ਗਏ ਕੰਮਾਂ, ਲੜੇ ਗਏ ਸੰਘਰਸ਼ਾਂ ਦੀ ਕਹਾਣੀ ਹੀ ਹੈ, ਜਿਸ ਵਿਚ ਨਕਸਲੀ ਲਹਿਰ ਦਾ ਦਸਤਾਵੇਜ਼ੀ ਪ੍ਰਗਟਾਵਾ ਵੀ ਹੋਇਆ ਹੈ।

ਹਥਲੀ ਪੁਸਤਕ ਜੋ ਭਾਰਤ ਵਿੱਚ ਨਕਸਲੀ ਲਹਿਰ ਦੇ ਪੰਜਾਹ ਸਾਲ ਪੂਰੇ ਹੋਣ ਦੇ ਵਰ੍ਹੇ ਦੌਰਾਨ ਵੱਖ-ਵੱਖ ਥਾਵਾਂ ਉੱਤੇ ਨਕਸਲੀ ਲਹਿਰ ਦੀ ਜਾਣਕਾਰੀ ਦੇਣ ਅਤੇ ਇਸ ਲਹਿਰ ਬਾਰੇ ਵਿਚਾਰਧਾਰਕ ਚੇਤਨਾ ਉਪਜਾਉਣ ਦੇ ਮਕਸਦ ਨਾਲ, ਪੰਜਾਬੀ ਭਾਸ਼ਾ ਵਿੱਚ ਨਿਰਮਲਜੀਤ ਨੇ ਅਨੁਵਾਦ ਕੀਤੀ ਹੈ। ਇਸ ਪੁਸਤਕ ਨੂੰ ਜੀਵਨੀਕਾਰ ਉੱਨੀ ਅਧਿਆਇਆਂ ਵਿੱਚ ਵੰਡਦਾ ਹੈ ਅਤੇ ਆਪਣੀ ਲਿਖਤ ਦੀ ਸੁਧਾਈ ਕਾਨੂ ਸਾਨਿਆਲ ਤੋਂ ਹੀ ਕਰਵਾਉਂਦਾ ਹੈ। ਪਹਿਲੇ ਪੰਜ ਅਧਿਆਇ ਬਚਪਨ ਅਤੇ ਸਿੱਖਿਆ ਨਾਲ ਸਬੰਧਿਤ ਹਨ। ਇਹ ਪੁਸਤਕ ਛੇ ਤੋਂ ਅਠਾਰਾਂ ਤੱਕ ਦੇ ਅਧਿਆਇਆਂ ਵਿੱਚ ਕਾਨੂ ਸਾਨਿਆਲ ਦੇ ਰਾਜਨੀਤਿਕ, ਸਮਾਜਿਕ ਅਤੇ ਕ੍ਰਾਂਤੀਕਾਰੀ ਸਫ਼ਰ ਨੂੰ ਪੇਸ਼ ਕਰਦੀ ਹੋਈ, ਨਕਸਲੀ ਲਹਿਰ ਦੇ ਇਤਿਹਾਸ ਦਾ ਬੋਧ ਕਰਵਾਉਂਦੀ ਹੈ। ਆਖਰੀ ਅਧਿਆਇ ਨੂੰ ਲੇਖਕ ਨੇ ਪ੍ਰਾਪਤ ਜਾਣਕਾਰੀ, ਆਪਣੀ ਸੂਝ ਅਤੇ ਤੱਥਾਂ ਆਧਾਰਿਤ ਲਿਖਿਆ ਕਿਉਂਕਿ ਜਦੋਂ ਜੀਵਨੀਕਾਰ ਆਖਰੀ ਅਧਿਆਇ ਲਿਖ ਰਿਹਾ ਸੀ ਤਾਂ ਉਸ ਸਮੇਂ ਦੌਰਾਨ ਕਾਨੂ ਸਾਨਿਆਲ ਨੇ ਰੱਸੀ ਨਾਲ ਲਟਕ ਕੇ ਫਾਹਿਆ ਲੈ ਲਿਆ ਸੀ। ਇਸ ਅਧਿਆਇ ਵਿੱਚ ਕਾਨੂ ਸਾਨਿਆਲ ਦੇ

 Received: 04 Feb. 2026 Accepted: 28 Feb. 2026 Published: 05 March 2026

ਆਖਰੀ ਜੀਵਨ ਪੜਾਅ ਦੇ ਮਾਨਸਿਕ (ਇਕੱਲਾਪਣ, ਲਹਿਰ ਵਿਚ ਫੁੱਟ, ਲੋਕਾਂ ਦਾ ਖ਼ੁਦਗਰਜ ਹੋਣਾ) ਅਤੇ ਸਰੀਰਕ (ਗੁਰਦੇ ਦਾ ਆਪ੍ਰੇਸ਼ਨ, ਬਵਾਸੀਰ, ਕਮਜ਼ੋਰੀ, ਰੀੜ ਦੀ ਹੱਡੀ ਦੀ ਸਮੱਸਿਆ, ਦਿਮਾਗੀ ਦੌਰਾ ਪੈਣ ਕਾਰਨ ਅਧਰੰਗ ਹੋ ਜਾਣਾ ਅਤੇ ਅੱਖਾਂ ਦਾ ਆਪ੍ਰੇਸ਼ਨ) ਦੁੱਖ-ਤਕਲੀਫ਼ਾਂ ਦੀ ਵਿਆਖਆ ਕਰਦੇ ਹੋਏ, ਜੀਵਨੀਕਾਰ ਕਾਨੂ ਸਾਨਿਆਲ ਦੇ ਆਪਣੇ ਜੀਵਨ ਤੋਂ ਨੀਰਸ ਜਾਂ ਉਦਾਸੀਨ ਹੋਣ ਨੂੰ ਬਿਆਨ ਕਰਦਾ ਹੈ। ਜੀਵਨੀ ਦੇ ਅਧਿਐਨ ਉਪਰੰਤ ਕਿਹਾ ਜਾ ਸਕਦਾ ਹੈ ਕਿ ਕਾਨੂ ਸਾਨਿਆਲ ਆਪਣੇ ਸੰਘਰਸ਼ੀ ਜੀਵਨ ਅਤੇ ਸਰੀਰਕ ਬਿਮਾਰੀਆਂ ਤੋਂ ਉਕਤਾ ਗਿਆ ਸੀ ਅਤੇ ਅਖੀਰ ਵਿੱਚ ਉਹ ਜ਼ਿੰਦਗੀ ਜਿਉਣ ਦੀ ਬਜਾਏ ਮੌਤ ਨੂੰ ਤਰਜ਼ੀਹ ਦਿੰਦਾ ਹੈ। ਇਸ ਦੀ ਗਵਾਹੀ ਕਾਨੂ ਸਾਨਿਆਲ ਦੁਆਰਾ ਕਹੇ ਨਿਮਨਲਿਖਤ ਸ਼ਬਦ ਭਰਦੇ ਹਨ ਕਿ,

*"ਮੈਨੂੰ ਠੀਕ ਨਹੀਂ ਲਗਦਾ। ਮੈਂ ਥੱਕ ਗਿਆ ਹਾਂ। ਅਜਿਹੀ ਕਰਮ-ਹੀਣ ਅਤੇ ਅਸਮਰੱਥ ਜ਼ਿੰਦਗੀ ਜਿਊਣ ਦਾ ਕੀ ਮਤਲਬ ਹੈ? ਇਸ ਤੋਂ ਚੰਗਾ ਤਾਂ ਇਹੀ ਹੋਵੇਗਾ ਕਿ ਮੈਂ ਮਰ ਜਾਵਾਂ।"* [2]

ਜੀਵਨੀ ਉਹ ਸਾਹਿਤ ਰੂਪ ਹੈ, ਜਿਸ ਵਿੱਚ ਵਿਅਕਤੀ ਵਿਸ਼ੇਸ਼ ਦੀ ਜੀਵਨ ਗਾਥਾ ਨੂੰ ਕਿਸੇ ਦੂਜੇ ਵੱਲੋਂ ਬਿਆਨ ਕੀਤਾ ਜਾਂਦਾ ਹੈ। ਜੀਵਨੀ ਵਿੱਚ ਉਹਨਾਂ ਘਟਨਾਵਾਂ ਨੂੰ ਪੇਸ਼ ਕੀਤਾ ਜਾਂਦਾ ਹੈ ਜਿਸਨੇ ਸਬੰਧਤ ਵਿਅਕਤੀ ਦੇ ਜੀਵਨ ਨੂੰ ਪ੍ਰਭਾਵਿਤ ਕੀਤਾ ਹੋਵੇ। ਅਮਰੀਕਨ ਐਨਸਾਈਕਲੋਪੀਡੀਆ ਅਨੁਸਾਰ:

*"ਜੀਵਨੀ ਇੱਕ ਵਿਅਕਤੀ ਦੇ ਜੀਵਨ ਦਾ ਇਤਿਹਾਸ ਹੈ। ਇਹ ਉਸ ਦੇ ਜੀਵਨ ਦੀਆਂ ਘਟਨਾਵਾਂ ਦਾ ਇਤਿਹਾਸ ਜਾਂ ਉਸ ਦੇ ਵਿਚਾਰ ਅਤੇ ਸਮੇਂ ਦੀ ਵਿਆਖਿਆ ਹੋ ਸਕਦੇ ਹਨ।"* [3]

ਇਸ ਤਰ੍ਹਾਂ ਜੀਵਨੀ ਇਤਿਹਾਸਕ ਸੰਦਰਭ ਵਿੱਚ ਜੀਵਨ ਦੀਆਂ ਘਟਨਾਵਾਂ ਨੂੰ ਬਿਆਨਦੀ ਹੋਈ, ਵਿਅਕਤੀ ਵਿਸ਼ੇਸ਼ ਦੇ ਚਰਿੱਤਰ, ਸੁਭਾਅ, ਸਮਾਜਿਕ ਜੀਵਨ ਦੇ ਤਜਰਬਿਆਂ ਅਤੇ ਗਤੀਵਿਧੀਆਂ ਨੂੰ ਉਭਾਰਦੀ ਹੈ।

ਚਰਚਾ ਅਧੀਨ ਪੁਸਤਕ ਨਕਸਲੀ ਲਹਿਰ ਦੇ ਉਦਗਮ, ਵਿਕਾਸ ਅਤੇ ਵਿਗਠਨ ਦੀ ਇਤਿਹਾਸਕ ਦਸਤਾਵੇਜ਼ੀ ਕਹਾਣੀ ਹੋ ਨਿਬੜਦੀ ਹੈ। ਧਰਮਪਾਲ ਸਿੰਗਲ ਦੇ ਅਨੁਸਾਰ:-

*"ਇਤਿਹਾਸਕਾਰਾਂ ਵਾਂਗ ਜੀਵਨੀਕਾਰ ਠੋਸ, ਸੱਚੇ ਅਤੇ ਪ੍ਰਮਾਣਿਕ ਤੱਥਾਂ ਦੀ ਖੋਜ ਕਰਦਾ ਹੈ।"* [4]

ਇਸ ਪ੍ਰਕਾਰ ਇਹ ਜੀਵਨੀ ਖ਼ਾਸ ਰਾਜਨੀਤਿਕ ਅੰਦੋਲਨ ਜਾਂ ਲਹਿਰ ਦੌਰਾਨ ਨਾਇਕ ਕਾਨੂ ਸਾਨਿਆਲ ਦੇ ਕਾਰਨਾਮਿਆਂ ਨੂੰ ਤੱਥਾਂ ਦੇ ਅਧਾਰ ਤੇ ਪੇਸ਼ ਕਰਦੀ ਹੈ।

*'ਰੂਸੀ ਕ੍ਰਾਂਤੀ ਤੋਂ ਬਾਅਦ ਕਮਿਊਨਿਸਟ ਵਿਚਾਰਧਾਰਾ ਦਾ ਕੇਂਦਰ ਸੋਵੀਅਤ ਯੂਨੀਅਨ ਰਿਹਾ ਹੈ, ਜਿਸ ਕਰਕੇ ਸੋਵੀਅਤ ਯੂਨੀਅਨ ਵਿੱਚ ਵਾਪਰੀ ਹਰ ਘਟਨਾ ਨੇ ਦੁਨੀਆਂ ਭਰ ਦੇ ਕਮਿਊਨਿਸਟਾਂ ਨੂੰ ਪ੍ਰਭਾਵਿਤ ਕੀਤਾ। ਖਰੁਸ਼ਚੋਵ ਨੇ ਕਮਿਊਨਿਸਟ ਪਾਰਟੀ ਨੂੰ ਸਮਾਜਵਾਦ ਲਿਆਉਣ ਲਈ, ਹਥਿਆਰਬੰਦ ਕ੍ਰਾਂਤੀ ਦੀ ਥਾਂ, ਸ਼ਾਂਤਮਈ ਤਰੀਕੇ ਅਪਣਾਉਣ ਤੇ ਜ਼ੋਰ ਦਿੱਤਾ, ਜਿਸ ਨਾਲ ਕੌਮਾਂਤਰੀ ਕਮਿਊਨਿਸਟ ਪਾਰਟੀ ਦੋ ਧੜਿਆਂ ਵਿੱਚ ਵੰਡੀ ਗਈ। ਇੱਕ ਧੜਾ ਸ਼ਾਂਤਮਈ ਕ੍ਰਾਂਤੀ ਦੀ ਗੱਲ ਕਰਦਾ ਸੀ ਤੇ ਦੂਸਰਾ ਧੜਾ ਚੀਨ ਨਾਲ ਸਹਿਮਤੀ ਜਤਾਉਂਦੇ ਹੋਏ ਹਥਿਆਰਬੰਦ ਕ੍ਰਾਂਤੀ ਦੀ ਗੱਲ ਕਰਦਾ ਸੀ।'* [5]

ਇਸ ਕਿਤਾਬ ਵਿਚੋਂ ਪਤਾ ਲੱਗਦਾ ਹੈ ਕਿ ਭਾਰਤ ਵਿੱਚ ਕਮਿਊਨਿਸਟ ਕਾਨੂ ਸਾਨਿਆਲ ਅਤੇ ਚਾਰੂ ਮਜ਼ੂਮਦਾਰ, ਜੋ ਚੀਨ ਦੀ ਹਥਿਆਰਬੰਦ ਵਿਚਾਰਧਾਰਾ ਨਾਲ ਸਹਿਮਤ ਸਨ

*'ਉਨ੍ਹਾਂ ਨੇ 'ਜ਼ਮੀਨ ਹਲਵਾਹਕ ਦੀ' ਦਾ ਨਾਅਰਾ ਦਿੰਦੇ ਹੋਏ, ਪਿੰਡ ਨਕਸਲਵਾੜੀ ਵਿੱਚ ਸੰਘਰਸ਼ ਸ਼ੁਰੂ ਕਰ ਦਿੱਤਾ ਜੋ ਭਾਰਤ ਦੇ ਪ੍ਰਾਂਤ ਬੰਗਾਲ ਦੀ ਤਹਿਸੀਲ ਸਿਲੀਗੁੜੀ ਵਿੱਚ ਸਥਿਤ ਹੈ। ਇਸ ਬਗਾਵਤ ਵਿਚ ਪੰਜ ਹਜ਼ਾਰ ਤੋਂ ਦਸ ਹਜ਼ਾਰ ਲੋਕ ਸ਼ਾਮਿਲ ਹੋਏ ਸਨ। ਬਗਾਵਤੀ ਕਾਰਵਾਈਆਂ ਦਾ ਕੇਂਦਰ ਪਿੰਡ ਨਕਸਲਵਾੜੀ ਹੋਣ ਕਾਰਨ ਇਸ ਦਾ ਨਾਮ ਨਕਸਲੀ ਬਗ਼ਾਵਤ ਪੈ ਗਿਆ। ਨਕਸਲੀ ਬਗ਼ਾਵਤ ਮਈ 24, 1967 ਨੂੰ ਕਿਸਾਨ ਸਭਾ ਦੇ ਕਾਰਕੁਨਾਂ ਦੁਆਰਾ ਬੋਰੋਝੋਰੂ ਜੋਤੇ ਪਿੰਡ ਵਿੱਚ ਪੁਲਿਸ ਅਧਿਕਾਰੀ ਸੋਨਮ ਨੂੰ ਮਾਰਨ ਨਾਲ ਸ਼ੁਰੂ ਹੁੰਦੀ ਹੈ।'* [6]

ਇਸ ਪ੍ਰਕਾਰ ਨਕਸਲਵਾੜੀ ਲਹਿਰ ਦੇ ਮੁਢਲੇ ਸੰਗਰਾਮੀਆਂ ਵਿੱਚੋਂ ਕਾਨੂ ਸਾਨਿਆਲ ਅਤੇ ਚਾਰੂ ਮਜ਼ੂਮਦਾਰ ਪ੍ਰਮੁੱਖ ਸਨ, ਜਿਹਨਾਂ ਦੇ ਜੀਵਨ ਵੇਰਵਿਆਂ ਨੂੰ ਸੰਬੰਧਿਤ ਪੁਸਤਕ ਵਿੱਚ ਬਾਰੀਕਬੀਨੀ ਨਾਲ ਉਲੀਕਿਆ ਗਿਆ ਹੈ।

ਇਹ ਪੁਸਤਕ ਕਾਨੂ ਸਾਨਿਆਲ ਦੇ ਜੀਵਨ ਨੂੰ ਵਿਸ਼ਾ ਬਣਾਉਂਦੀ ਹੋਈ, ਉਸ ਦੇ ਦੁੱਖ ਸੁਖ, ਗੁੱਸੇ ਗਿਲੇ ਅਤੇ ਸੁਭਾਅ ਨੂੰ ਵਿਅਕਤ ਕਰਦੀ ਹੋਈ ਉਸ ਦੀ ਲੋਕਪ੍ਰਿਅਤਾ ਤੇ ਕ੍ਰਾਂਤੀਕਾਰੀ ਸ਼ਖ਼ਸੀਅਤ ਨੂੰ ਉਭਾਰਨ ਦਾ ਯਤਨ ਕਰਦੀ ਹੈ। ਜੀਵਨੀਕਾਰ ਕਿਸੇ ਵੀ ਸ਼ਖ਼ਸੀਅਤ ਦਾ ਬਿਆਨ ਆਪਣੇ ਸ਼ਬਦਾਂ ਵਿੱਚ ਨਾ ਦੇਕੇ ਸਗੋਂ ਕਾਨੂ ਸਾਨਿਆਲ ਦੇ ਹਵਾਲਿਆਂ ਦੇ ਰੂਪ ਵਿੱਚ ਦਿੰਦਾ ਹੈ, ਜਿਸ ਨਾਲ ਉਹ ਪਾਠਕ ਦਾ ਵਿਸ਼ਵਾਸ ਜਿੱਤਣ ਦਾ ਯਤਨ ਕਰਦਾ ਜਾਪਦਾ ਹੈ ਕਿ ਜੀਵਨੀ ਬਿਲਕੁਲ ਸੱਚੀ ਹੈ। ਇਸ ਪ੍ਰਕਾਰ ਜੀਵਨੀਕਾਰ ਆਪਣੀ ਦ੍ਰਿਸ਼ਟੀ ਨਾਲ ਨਹੀਂ ਸਗੋਂ ਕਾਨੂ ਸਾਨਿਆਲ ਦੇ ਦ੍ਰਿਸ਼ਟੀ ਅਨੁਸਾਰ ਰਚਨਾ ਕਰਦਾ ਹੈ, ਜੋ ਇਕ ਅੰਤਰਮੁਖੀ ਵਰਤਾਰਾ ਹੋ ਨਿੱਬੜਦਾ ਹੈ। ਡਾ. ਰਾਜਵਿੰਦਰ ਕੌਰ ਅਨੁਸਾਰ:-

*"ਸਮਕਾਲੀ ਜੀਵਨ ਦੇ ਨਾਇਕ ਦੀ ਸ਼ਖ਼ਸੀਅਤ ਦਾ ਪ੍ਰਭਾਵ ਲੇਖਕ ਉੱਤੇ ਪੈਣ ਨਾਲ ਉਸ ਦੇ ਵਿਚਾਰ ਬਾਹਰਮੁਖੀ ਹੋਣ ਦੀ ਬਜਾਏ ਅੰਤਰਮੁਖੀ ਹੋ ਜਾਂਦੇ ਹਨ।"* [7]

ਜੀਵਨੀ ਦਾ ਅਧਿਐਨ ਕਰਨ ਤੇ ਅਸੀਂ ਭਲੀਭਾਂਤ ਜਾਣੂ ਹੋ ਜਾਂਦੇ ਹਾਂ ਕਿ ਕਾਨੂ ਸਾਨਿਆਲ ਦਾ ਪ੍ਰਭਾਵ ਸਿੱਧੇ ਰੂਪ ਵਿੱਚ ਬਪਾਦੱਤਯਾ ਪਾਲ ਉੱਪਰ ਪਿਆ ਹੈ। ਇਸ ਲਈ ਉਹ ਹਰ ਇੱਕ ਘਟਨਾ ਕਾਨੂ ਸਾਨਿਆਲ ਦੇ ਨਜ਼ਰੀਏ ਤੋਂ ਲਿਖਦਾ ਜਾਪਦਾ ਹੈ। ਇਸ ਗੱਲ ਦਾ ਪ੍ਰਮਾਣ ਹੈ ਕਿ ਵਿਚਾਰ ਅਧੀਨ ਜੀਵਨੀ ਵਿੱਚ ਜੀਵਨੀਕਾਰ ਕਾਨੂ ਸਾਨਿਆਲ ਦੇ ਬਚਪਨ ਦੀਆਂ ਸਾਧਾਰਨ ਘਟਨਾਵਾਂ ਨੂੰ ਵੀ ਉਸ ਦੀ ਮਹਾਨਤਾ ਜਾਂ ਕ੍ਰਾਂਤੀਕਾਰੀ ਬਿਰਤੀ ਨਾਲ ਜੋੜਨ ਦਾ ਯਤਨ ਕਰਦਾ ਹੈ।

*"ਉਨ੍ਹਾਂ ਦੀ ਖਾਸੀਅਤ ਸੀ ਕਿ ਉਹ ਆਪਣੇ ਖੇਡ ਸਾਥੀਆਂ ਉੱਤੇ ਹੁਕਮ ਚਲਾਉਂਦੇ ਸਨ।----- ਜਦੋਂ ਕੋਈ ਉਨ੍ਹਾਂ ਦੇ ਅਧਿਕਾਰਾਂ ਨੂੰ ਚੁਣੌਤੀ ਦਿੰਦਾ ਸੀ ਤਾਂ ਉਹ ਉਸ ਉੱਤੇ ਬੇਰਹਿਮੀ ਨਾਲ ਹਮਲਾ ਕਰ ਦਿੰਦੇ ਸਨ।"* [8]

ਇਸੇ ਤਰ੍ਹਾਂ ਲੇਖਕ ਚਾਰੂ ਮਜੂਮਦਾਰ ਦੀ ਸ਼ਖ਼ਸੀਅਤ ਨੂੰ ਉਘਾੜਨ ਲਈ ਉਸ ਦੇ ਵਿਸ਼ੇਸ਼ ਗੁਣਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਦਾ ਜਾਪਦਾ ਹੈ ਜਿਵੇਂ ਕਿ ਇਮਤਿਹਾਨਾਂ ਦੇ ਨਤੀਜਿਆਂ ਬਾਰੇ ਸਹੀ ਅਨੁਮਾਨ ਲਗਾਉਣਾ, ਬਹੁਤ ਵੱਡੀਆਂ ਭਾਰੀ ਪੁਸਤਕਾਂ ਨੂੰ ਇੱਕ ਰਾਤ ਵਿੱਚ ਪੜ੍ਹ ਲੈਣਾ, ਤਰਕ ਦਲੀਲ ਨਾਲ ਵਿਰੋਧੀਆਂ ਦਾ ਮੂੰਹ ਬੰਦ ਕਰ ਦੇਣਾ ਅਤੇ ਉਨ੍ਹਾਂ ਤੋਂ ਆਪਣੀ ਗੱਲ ਮਨਵਾ ਲੈਣੀ ਆਦਿ.....। ਜੀਵਨੀ ਵਿਚ ਕੇਂਦਰੀ ਪਾਤਰ ਦੀ ਜ਼ਿੰਦਗੀ ਦੀਆਂ ਘਟਨਾਵਾਂ ਦੇ ਅਰਥਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨ ਬਾਰੇ ਡਾ. ਰਾਜਵਿੰਦਰ ਕੌਰ ਦਾ ਵਿਚਾਰ ਹੈ ਕਿ:-

*"ਚਰਿੱਤਰ ਨਾਇਕ ਦੀ ਪੇਸ਼ਕਾਰੀ ਸਮੇਂ ਸਮੱਸਿਆ ਉਦੋਂ ਪੈਦਾ ਹੁੰਦੀ ਹੈ, ਜਦੋਂ ਉਸ ਦੇ ਸਧਾਰਨ ਗੁਣਾਂ ਨੂੰ ਵਧਾ ਚੜ੍ਹਾ ਕੇ ਜਾ ਝੂਠੀ ਪ੍ਰਸੰਸਾ ਰਾਹੀਂ ਉੱਚਾ ਚੁੱਕ ਕੇ ਬਿਆਨ ਕੀਤਾ ਜਾਂਦਾ ਹੈ। ਅਜਿਹਾ ਕਰਨ ਨਾਲ ਉਸ ਦੇ ਜੀਵਨ ਦੀ ਯਥਾਰਥਕਤਾ, ਤੱਥਾਂ ਦੀ ਪ੍ਰਮਾਣਿਕਤਾ ਅਤੇ ਕਲਾਤਮਿਕਤਾ ਦੇ ਗੁਣ ਨਸ਼ਟ ਹੋ ਜਾਂਦੇ ਹਨ।"* [9]

ਉਪਰੋਕਤ ਵਿਚਾਰ ਦੇ ਸੰਦਰਭ ਵਿਚ ਇਸ ਜੀਵਨੀ ਨੂੰ ਘੋਖੀਏ ਤਾਂ ਲੇਖਕ ਨਾਇਕ ਨੂੰ ਪਰਵੇਸ਼ ਤੋਂ ਹੀ ਇਕ ਹੀਰੋ ਵਾਂਗ ਪੇਸ਼ ਕਰਦਾ ਜਾਪਦਾ ਹੈ।

ਲੇਖਕ ਜੀਵਨੀ ਵਿੱਚ ਸਿਰਫ਼ ਅਤੀਤ ਦੀ ਘੁੰਡ ਚੁਕਾਈ ਦੀ ਰਸਮ ਹੀ ਅਦਾ ਨਹੀਂ ਕਰਦਾ ਸਗੋਂ ਉਹ ਕਾਨੂ ਸਾਨਿਆਲ ਦੇ ਜੀਵਨ ਨਾਲ ਸੰਬੰਧਿਤ ਸਮਕਾਲੀਨ ਸਮਾਜਿਕ, ਧਾਰਮਿਕ, ਰਾਜਨੀਤਕ, ਆਰਥਿਕ ਅਤੇ ਸੱਭਿਆਚਾਰਕ ਪਰਿਸਥਿਤੀਆਂ ਵਿੱਚੋਂ ਨਾਇਕ ਦਾ ਬਿੰਬ ਉਭਾਰਨ ਦੀ ਕੋਸ਼ਿਸ਼ ਕਰਦਾ ਹੈ। ਅਸਲ ਵਿੱਚ ਮਨੁੱਖ ਜਿਸ ਸਮਾਜ ਵਿੱਚ ਰਹਿੰਦਾ ਉੱਥੋਂ ਦੀਆਂ ਭੂਗੋਲਿਕ, ਰਾਜਨੀਤਿਕ, ਸੱਭਿਆਚਾਰਕ ਪਰਿਸਥਿਤੀਆਂ ਉਸ ਦੇ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਉਸ ਦੀ ਸ਼ਖ਼ਸੀਅਤ ਉਸਾਰੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਇਸ ਪ੍ਰਕਾਰ ਮਹਾਨ ਸਖਸ਼ੀਅਤਾਂ ਦੀ ਜਨਨੀ ਹਾਲਾਤ ਜਾਂ ਪਰਿਸਥਿਤੀਆਂ ਹੋ ਨਿੱਬੜਦੀਆਂ ਹਨ। ਇਸੇ ਤਰ੍ਹਾਂ ਜੀਵਨੀਕਾਰ ਵੀ ਕਾਨੂ ਸਾਨਿਆਲ ਦੀ ਸ਼ਖ਼ਸੀਅਤ ਨੂੰ ਹਾਲਾਤਾਂ ਵਿੱਚੋਂ ਪੈਦਾ ਹੁੰਦਾ ਵਿਖਾਉਂਦਾ ਹੈ, ਜਿਵੇਂ ਕਿ ਇਪਟਾ (ਭਾਰਤੀ ਲੋਕ ਨਾਟ ਮੰਡਲੀ) ਦੇ ਨਾਟਕਾਂ ਤੋਂ ਪ੍ਰਭਾਵਿਤ ਹੋਣਾ, ਦਿਨੇਸ਼ (ਜਿਸ ਨੇ ਅੰਗਰੇਜ਼ਾਂ ਉੱਤੇ ਬੰਬ ਨਾਲ ਹਮਲਾ ਕਰ ਦਿੱਤਾ ਸੀ ਅਤੇ ਆਪਣਾ ਕੰਨ ਗਵਾ ਲਿਆ ਸੀ) ਤੋਂ ਦੇਸ਼ ਭਗਤੀ ਦੇ ਕਿੱਸੇ ਸੁਣਨਾ, ਬਰਦਵਾਨ ਰਸਤੇ ਦੇ ਅਨੋਖੇ ਦ੍ਰਿਸ਼ (ਜਿਸ ਵਿੱਚ ਛੇ ਲੋਕ ਪੇਟੋਂ ਰੱਸੀ ਨਾਲ ਬੰਨ੍ਹੇ ਹੋਏ ਤੇ ਵੀਹ ਲੋਕ, ਜੋ ਬਿਨਾਂ ਨੂੜੇ ਹੋਏ ਸਨ। ਉਹ ਪੁਲਿਸ ਤੇ ਥੁੱਕਦੇ ਹੋਏ, ਬੰਦੇ ਮਾਤਰਮ ਦੇ ਨਾਅਰੇ ਲਾ ਰਹੇ ਸਨ) ਤੋਂ ਪ੍ਰਭਾਵਿਤ ਹੋਣਾ, ਕਲਕੱਤਾ ਦੇ ਬਾਊ ਬਾਜ਼ਾਰ ਗਲੀ ਵਿੱਚ ਪੁਲੀਸ ਨੇ ਕਮਿਊਨਿਸਟਾਂ ਤੇ ਗੋਲੀਬਾਰੀ ਕੀਤੀ, ਜਿਸ ਵਿੱਚ ਪੰਜ ਪ੍ਰਦਰਸ਼ਨਕਾਰੀ ਮਾਰੇ ਗਏ ਆਦਿ ਘਟਨਾਵਾਂ ਹੌਲੀ ਹੌਲੀ ਕਾਨੂ ਸਾਨਿਆਲ ਨੂੰ ਕਮਿਊਨਿਸਟਾਂ ਵੱਲ ਖਿੱਚਦੀਆਂ ਗਈਆਂ। ਇਨ੍ਹਾਂ ਘਟਨਾਵਾਂ ਤੋਂ ਬਾਅਦ ਕਾਨੂ ਸਾਨਿਆਲ ਗੁੱਸੇ ਨਾਲ ਭਰੇ ਹੋਏ ਪੱਕੇ ਤੌਰ ਤੇ ਲਹਿਰ ਵਿੱਚ ਕੁੱਦਣ ਲਈ ਤਿਆਰ ਹੋ ਜਾਂਦੇ ਹਨ ਤੇ ਉਹ ਸਵਾਲ ਕਰਦੇ ਹਨ ਕਿ 'ਕਿਸ ਤਰ੍ਹਾਂ ਅਜ਼ਾਦ ਭਾਰਤ ਦੀ ਪੁਲਿਸ ਰਾਜਨੀਤਿਕ ਪ੍ਰਦਸ਼ਨਕਾਰੀਆਂ ਉੱਤੇ ਗੋਲੀਆਂ ਚਲਾ ਸਕਦੀ ਹੈ। ਬੱਪਾਦਿਤਯਾ ਪਾਲ ਤਾਂ ਗੱਲ ਨੂੰ ਇੱਥੋਂ ਤੱਕ ਲੈ ਜਾਂਦੇ ਹਨ ਕਿ ਕਾਨੂ ਸਾਨਿਆਲ ਕੋਈ ਵਿਚਾਰਧਾਰਕ ਤੌਰ ਤੇ ਪਾਰਟੀ ਨਾਲ ਨਹੀਂ ਸੀ ਜੁੜਿਆ ਸਗੋਂ ਉਮਰ ਦੀ ਭਾਵੁਕਤਾ ਉਸਨੂੰ ਲਹਿਰ ਨਾਲ ਜੋੜ ਦਿੰਦੀ ਹੈ। ਕਾਨੂ ਸਾਨਿਆਲ ਦੇ ਸ਼ਬਦਾਂ ਵਿਚ-

*"ਕਮਿਊਨਿਸ਼ਟ ਪਾਰਟੀ ਨਾਲ ਜੁੜਨ ਦੀ ਇੱਛਾ ਕਿਸੇ ਸਿਧਾਂਤਕ ਪ੍ਰੇਰਨਾ ਦਾ ਨਤੀਜਾ ਨਹੀਂ ਸੀ ਬਲਕਿ ਇਹ ਤਾਂ ਜਵਾਨੀ ਦੀ ਉਮਰ ਵਿੱਚ ਲੱਗਣ ਵਾਲੀ ਬਿਮਾਰੀ ਅਤੇ ਕੁਝ ਨਵਾਂ ਕਰਨ ਦੀ ਸੋਚ ਦਾ ਨਤੀਜਾ ਸੀ। ਮੈਂ ਕਿਸੇ ਉਤੇਜਨਾ ਵਾਲੀ ਵਸਤੂ ਦੇ ਲਈ ਬੇਚੈਨ ਸੀ ਕੁਝ ਅਜਿਹਾ ਜੋ ਬਿਲਕੁੱਲ ਨਵਾਂ ਤਾਜਾ ਹੋਵੇ ਪਰ ਇਸ ਬਾਰੇ ਮੈਨੂੰ ਕੋਈ ਜਾਣਕਾਰੀ ਨਹੀਂ ਸੀ।"* [10]

ਹਰੇਕ ਸਮਾਜ ਦੀਆਂ ਆਰਥਿਕ, ਸਮਾਜਿਕ, ਭੂਗੋਲਿਕ, ਰਾਜਨੀਤਕ ਪਰਿਸਥਿਤੀਆਂ ਦੇ ਅਨੁਸਾਰ ਵਿਚਾਰਧਾਰਾ ਉਤਪਨ ਹੁੰਦੀ ਹੈ, ਜਿਸ ਨੂੰ ਉੱਥੋਂ ਦੇ ਵਿਅਕਤੀ ਸਹਿਜ ਰੂਪ ਵਿੱਚ ਗ੍ਰਹਿਣ ਕਰਦੇ ਹਨ। ਇਸ ਤੋਂ ਬਿਨਾਂ ਵਿਅਕਤੀਆਂ ਉੱਤੇ ਸੱਤਾ ਦੇ ਪ੍ਰਵਚਨ ਦੁਆਰਾ ਵੀ ਲੋਕਾਂ ਤੇ ਰਾਜ ਕਰਨ ਲਈ ਵਿਸ਼ੇਸ਼ ਵਿਚਾਰਧਾਰਕ ਗਲਬਾ ਪਾਇਆ ਜਾਂਦਾ ਹੈ। ਅਲਥੂਜ਼ਰ ਕਿਤਾਬ 'ਲੈਨਿਨ ਅਤੇ ਫ਼ਿਲਾਸਫੀ' ਵਿੱਚ ਵਿਚਾਰਧਾਰਕ ਉਪਕਰਨਾਂ ਦੀ ਸੂਚੀ ਦਿੰਦਾ ਹੈ;

*"ਜਿਸ ਵਿੱਚ ਉਹ ਸਿੱਖਿਆ, ਪਰਿਵਾਰ, ਨਿਆਂ ਪ੍ਰਬੰਧ, ਟ੍ਰੇਡ ਯੂਨੀਅਨ, ਸੰਚਾਰ, ਰਾਜਨੀਤੀ, ਸੱਭਿਆਚਾਰ, ਧਰਮ ਆਦਿ ਨੂੰ ਵਿਚਾਰਧਾਰਕ ਉਪਕਰਣ ਮੰਨਦਾ ਹੈ।"* [11]

ਜੋ ਉਪਕਰਣ ਸਥਾਪਤੀ ਦੀ ਨਿਰੰਤਰਤਾ ਨੂੰ ਕਾਇਮ ਰੱਖਣ ਵਿੱਚ ਯੋਗਦਾਨ ਪਾਉਂਦੇ ਹਨ। ਸੱਤਾ ਦੀ ਵਿਚਾਰਧਾਰਾ ਵਿਸ਼ੇਸ਼ ਵਰਗ ਦੇ ਹਿੱਤਾਂ ਦਾ ਸਮਰਥਨ ਕਰਦੀ ਹੋਈ ਬਹੁਗਿਣਤੀ ਲੋਕਾਂ ਦੇ ਸ਼ੋਸ਼ਣ ਲਈ ਹਥਿਆਰ ਵਾਂਗ ਵਰਤੀ ਜਾਣ ਲੱਗੀ ਤਾਂ ਉਸ ਦੇ ਵਿਰੋਧ ਵਿੱਚ ਪ੍ਰੋਲੋਤਾਰੀ ਵਰਗ ਦੇ ਪੱਖ ਵਿੱਚ ਮਾਰਕਸਵਾਦੀ ਜਾਂ ਸਮਾਜਵਾਦੀ ਵਿਚਾਰਧਾਰਾ ਪੈਦਾ ਹੁੰਦੀ ਹੈ, ਜਿਸ ਦੀ ਪ੍ਰਤੀਨਿਧਤਾ ਕਾਨੂ ਸਾਨਿਆਲ ਅਤੇ ਨਕਸਲੀ ਲਹਿਰ ਦੇ ਕਾਰਕੁਨ ਹਥਿਆਰਬੰਦ ਸੰਘਰਸ਼ ਦੁਆਰਾ ਕਰਦੇ ਹਨ। ਟੈਰੀ ਈਗਲਟਨ ਅਨੁਸਾਰ-

*"ਵਿਚਾਰਧਾਰਾ ਵਿਸ਼ੇਸ ਸਮਾਜਿਕ ਗਰੁੱਪ ਜਾਂ ਵਰਗ ਦੇ ਵਿਚਾਰਾਂ ਦੀ ਪ੍ਰਤੀਨਿਧਤਾ ਕਰਨ ਵਾਲਾ ਸਮੂਹ ਹੈ।"* [12]

ਇਸ ਪ੍ਰਕਾਰ ਕਾਨੂ ਸਾਨਿਆਲ ਪ੍ਰੋਲੋਤਾਰੀ ਵਰਗ ਦੇ ਪੱਖ ਵਿੱਚ ਖੜ੍ਹਦੇ ਹੋਏ ਆਪਣੀ ਪੂਰੀ ਜ਼ਿੰਦਗੀ ਵਿਚਾਰਧਾਰਕ ਤੌਰ ਤੇ ਲੋਕਾਂ ਦੇ ਨਾਂ ਲਾ ਦਿੰਦਾ ਹੈ। ਲੇਖਕ ਕਮਿਊਨਿਸਟ ਵਿਚਾਰਧਾਰਾ ਦੇ ਮਜ਼ਦੂਰ ਪੱਖੀ ਹੋਣ ਤੱਕ ਹੀ ਜੀਵਨੀ ਨੂੰ ਸੀਮਤ ਨਹੀਂ ਰੱਖਦਾ, ਸਗੋਂ ਉਹ ਸੀ.ਪੀ.ਆਈ. ਪਾਰਟੀ ਦੇ ਅੰਦਰੂਨੀ ਅਤੇ ਵਿਅਕਤੀਗਤ ਮਤਭੇਦਾਂ ਨੂੰ ਖੋਲ੍ਹ ਕੇ ਪੇਸ਼ ਕਰਦਾ ਹੈ। ਕਿਤਾਬ ਵਿਚੋਂ ਪਤਾ ਲੱਗਦਾ ਹੈ ਕਿ ਚੀਨ ਤੇ ਭਾਰਤ ਦਰਮਿਆਨ 1962 ਵਿੱਚ ਅਰੁਣਾਚਲ ਪ੍ਰਦੇਸ਼ ਦੇ ਸਰਹੱਦੀ ਵਿਵਾਦ ਕਾਰਨ ਜੰਗ ਲੱਗ ਜਾਂਦੀ ਹੈ, ਜਿਸ ਕਾਰਨ ਸੀ. ਪੀ. ਆਈ. ਤਿੰਨ ਗੁੱਟਾਂ ਵਿਚ ਵੰਡੀ ਜਾਂਦੀ ਹੈ। ਰਾਸ਼ਟਰਵਾਦੀ, ਜਿਨ੍ਹਾਂ ਦੀ ਅਗਵਾਈ ਐੱਚ. ਏ. ਡਾਂਗੇ ਦੁਆਰਾ ਕੀਤੀ ਗਈ, ਜੋ ਯੁੱਧ ਦੇ ਸਮਰਥਕ ਸਨ। ਅੰਤਰ ਰਾਸ਼ਟਰਵਾਦੀ, ਜੋ ਯੁੱਧ ਦਾ ਵਿਰੋਧ ਕਰਦੇ ਸਨ ਅਤੇ ਚੀਨ ਦੇ ਸਮਰਥਕ ਸਨ, ਉਨ੍ਹਾਂ ਦੀ ਅਗਵਾਈ ਕਾਨੂ ਸਾਨਿਆਲ ਤੇ ਚਾਰੂ ਮਜੂਮਦਾਰ ਨੇ ਕੀਤੀ। ਮੱਧਵਰਗੀ, ਜੋ ਚੀਨ ਨਾਲ ਦੋਸਤਾਨਾ ਸਬੰਧ ਰੱਖਣਾ ਚਾਹੁੰਦੇ ਸਨ ਪਰ ਪਾਰਟੀ ਤੋਂ ਵੱਖ ਨਹੀਂ ਹੋਣਾ ਚਾਹੁੰਦੇ ਸਨ, ਉਨ੍ਹਾਂ ਦੀ ਅਗਵਾਈ ਜੋਯਤੀ ਬਾਸੂ ਅਤੇ ਪ੍ਰਮੋਦ ਦਾਸ ਨੇ ਕੀਤੀ। ਇਸੇ ਤਰ੍ਹਾਂ ਸੀ.ਪੀ.ਆਈ. ਐੱਮ. ਵਿੱਚ ਵੀ ਅੱਗੇ ਧੜੇ ਬਨਣੇ ਸ਼ੁਰੂ ਹੋ ਜਾਂਦੇ ਹਨ ਜੋ ਵਿਚਾਰਧਾਰਕ ਤੌਰ ਤੇ ਇੱਕ ਹੁੰਦੇ ਹੋਏ ਵੀ ਅੱਗੋਂ ਵੱਖ ਵੱਖ ਤਰੀਕਿਆਂ ਨਾਲ ਕ੍ਰਾਂਤੀ ਦੀ ਗੱਲ ਕਰਦੇ ਹੋਏ ਵੱਖ ਹੋ ਜਾਂਦੇ ਹਨ। ਚਾਰੂ ਇਸ ਗੱਲ ਦੇ ਪੱਖ ਵਿੱਚ ਹੁੰਦੇ ਹਨ ਕਿ ਲਾਲ ਫੌਜ ਤੇ ਗੁਪਤ ਪਾਰਟੀ ਬਣਾਈ

ਜਾਵੇ, ਜਿਸ ਦੇ ਨਿਸ਼ਾਨੇ ਤੇ ਜ਼ਿੰਮੇਦਾਰ ਪੁਲਸ ਦੇ ਵੱਡੇ ਅਧਿਕਾਰੀ ਅਤੇ ਸਿਵਲ ਪ੍ਰਸ਼ਾਸਕ ਹੋਣ। ਚਾਰੂ ਸਮੂਹਿਕ ਸੰਗਠਨਾਂ ਨੂੰ ਵਿਕਸਿਤ ਕਰਨ ਦੀ ਨਿੰਦਾ ਕਰਦਾ ਹੈ। ਉਹ 1970 ਵਿੱਚ ਜਾ ਕੇ ਅੰਦਰੋ ਅੰਦਰੀ ਵੋਟਾਂ ਦੇ ਵਿਰੋਧੀ ਵੀ ਹੋ ਜਾਂਦੇ ਹਨ ਅਤੇ ਗ੍ਰਿਫ਼ਤਾਰ ਹੋਏ ਨਕਸਲੀਆਂ ਨੂੰ ਨਿਆਂ ਸਾਹਮਣੇ ਘੁਟਣੇ ਟੇਕਣ ਤੋਂ ਇਨਕਾਰ ਕਰਦੇ ਹੋਏ ਬਚਾਅ ਲਈ ਅਪੀਲ ਕਰਨ ਨੂੰ ਸਹੀ ਨਹੀਂ ਮੰਨਦੇ। ਦੂਜੇ ਪਾਸੇ ਕਾਨੂ ਸਾਨਿਆਲ ਲੋਕ ਸੰਗਠਨਾਂ ਦੁਆਰਾ ਕ੍ਰਾਂਤੀ ਕਰਨਾ ਚਾਹੁੰਦੇ ਸਨ ਅਤੇ ਵੋਟਾਂ ਦੁਆਰਾ ਸੱਤਾ ਨੂੰ ਬਦਲਣ ਲਈ ਉਸ ਦੀ ਵਰਤੋਂ ਕਰਨ ਨੂੰ ਉਚਿਤ ਠਹਿਰਾਉਂਦੇ ਹੋਏ, ਬਚਾਅ ਦੇ ਲਈ ਅਪੀਲ ਕਰਨ ਨੂੰ ਵੀ ਜਾਇਜ਼ ਮੰਨਦੇ ਸਨ। ਕਾਨੂ ਸਾਨਿਆਲ ਲੋਕ ਸੰਘਰਸ਼ਾਂ ਲਈ ਹਥਿਆਰਬੰਦ ਕ੍ਰਾਂਤੀ ਨੂੰ ਵਾਜਬ ਮੰਨਦੇ ਹੋਏ, ਇਸ ਗੱਲ ਦੇ ਵਿਰੋਧੀ ਹੁੰਦੇ ਹਨ ਕਿ ਦੁਸ਼ਮਣ ਨੂੰ ਲੁੱਕ-ਲੁੱਕ ਕਿ ਮਾਰਿਆ ਜਾਵੇ। ਸਾਨਿਆਲ ਦੇ ਸ਼ਬਦਾਂ ਵਿਚ:-

*"ਚਾਰੂ ਨੇ ਗਲਤ ਢੰਗ ਨਾਲ ਨਕਸਲੀ ਲਹਿਰ ਦੇ ਸੱਚੇ ਜੋਸ਼ ਨੂੰ ਪੇਸ਼ ਕੀਤਾ।...ਜੋ ਕ੍ਰਾਂਤੀ ਦੇ ਰਸਤੇ ਦੀ ਵੱਡੀ ਰੁਕਾਵਟ ਸੀ।"* [13]

ਇਸ ਤੋਂ ਬਿਨਾਂ ਲੇਖਕ ਚਾਰੂ ਦੇ ਕੰਮ ਵਿੱਚ ਜਨਤਕ ਥਾਵਾਂ ਤੇ ਬੰਬ ਵਿਸਫੋਟ, ਕਿਤਾਬਾਂ ਅਤੇ ਸਿੱਖਿਆ ਸੰਸਥਾਵਾਂ ਨੂੰ ਅੱਗ ਲਾਉਣੀ, ਇਮਤਿਹਾਨਾਂ ਤੇ ਪਾਬੰਦੀ ਲਾਉਣੀ, ਇਹ ਸਭ ਵੇਰਵੇ ਦਿੰਦਾ ਹੋਇਆ, ਅਸਿੱਧੇ ਰੂਪ ਵਿੱਚ ਚਾਰੂ ਦੀਆਂ ਨੀਤੀਆਂ ਦੇ ਖਿਲਾਫ਼ ਹੋ ਕੇ ਕਾਨੂ ਸਾਨਿਆਲ ਦਾ ਪੱਖ ਪੂਰਦਾ ਜਾਪਦਾ ਹੈ। ਇਨ੍ਹਾਂ ਵੇਰਵਿਆਂ ਤੋਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਪਾਰਟੀ ਦੀ ਫੁੱਟ ਦਾ ਵੱਡਾ ਕਾਰਨ ਵਿਚਾਰਧਾਰਕ ਵਖਰੇਵੇਂ ਨਾ ਹੋ ਕੇ ਨਿੱਜੀ ਹਉਮੇ ਬਣ ਜਾਂਦੀ ਹੈ। ਨਿਰਮਲਜੀਤ ਦੇ ਸ਼ਬਦਾਂ ਵਿੱਚ-

*"ਭਾਰਤ ਵਿੱਚ ਕਮਿਊਨਿਸਟ ਧਿਰਾਂ ਦੇ ਨਿਘਾਰ ਲਈ ਵਿਚਾਰਧਾਰਕ ਵਖਰੇਵੇਂ ਘੱਟ ਅਤੇ ਨਿੱਜੀ ਹਉਮੈ ਵਧੇਰੇ ਜ਼ਿੰਮੇਵਾਰ ਰਹੀ ਹੈ।"*[14]

ਇਸ ਪ੍ਰਕਾਰ ਅਸੀਂ ਆਖ ਸਕਦੇ ਹਾਂ ਕਿ ਕਾਨੂ ਸਾਨਿਆਲ ਤੇ ਹੋਰ ਮੈਂਬਰ ਕਈ ਵਾਰ ਸੁਚੇਤ ਅਚੇਤ ਰੂਪ ਵਿੱਚ ਮਾਨਸਿਕ ਅਸਤਿਤਵੀ ਸੰਕਟ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਪ੍ਰਕਾਰ ਜੋ ਲਹਿਰ ਕਿਸੇ ਸਮੇਂ ਸੱਤਾ ਨੂੰ ਟੱਕਰ ਦਿੰਦੀ ਜਾਪਦੀ ਸੀ, ਉਹ ਅੰਤ ਵਿੱਚ ਖੰਡਿਤ ਹੋ ਜਾਂਦੀ ਹੈ। ਕਮਿਊਨਿਸਟ ਪਾਰਟੀਆਂ ਨੇ ਗੁਪਤ ਰੂਪ ਵਿੱਚ ਜੋ ਕਾਰਜ ਕੀਤੇ, ਉਨ੍ਹਾਂ ਕਾਰਜਾਂ ਦਾ ਬਿਆਨ ਜੀਵਨੀਕਾਰ ਵਿਸਥਾਰ ਸਹਿਤ ਕਰਦਾ ਹੈ ਜਿਵੇਂ ਪਾਰਟੀ ਦੁਆਰਾ ਗੁਪਤ ਗਤੀਵਿਧੀਆਂ ਕਰਨੀਆਂ, ਪਰਚੇ ਅਤੇ ਕਿਤਾਬਾਂ ਵੰਡਣੀਆਂ, ਲੋਕਾਂ ਨੂੰ ਆਪਣੀ ਵਿਚਾਰਧਾਰਾ ਨਾਲ ਜੋੜਨ ਲਈ ਭਾਸ਼ਣ, ਸਭਾਵਾਂ ਕਰਨੀਆਂ, ਨੁੱਕੜ ਨਾਟਕ ਖੇਡਣੇ, ਲੋਕ ਇਕੱਠਾਂ ਲਈ ਲੋਕ ਮੇਲੇ ਕਰਵਾਉਣੇ ਤੇ ਨਕਸਲੀ ਆਗੂਆਂ ਦੀਆਂ ਗ੍ਰਿਫਤਾਰੀਆਂ ਹੋਣ ਤੇ ਜਨਤਕ ਜਲੂਸ ਕੱਢਣੇ ਤਾਂ ਜੋ ਲੋਕਾਂ ਨੂੰ ਜਾਗਰੂਕ ਕੀਤਾ ਜਾ ਸਕੇ।

ਵਿਚਾਰ ਅਧੀਨ ਪੁਸਤਕ ਵਿੱਚ ਜੀਵਨੀਕਾਰ ਕਮਿਊਨਿਸਟਾਂ ਨੂੰ ਸੁਭਾਸ਼ ਚੰਦਰ ਬੋਸ ਦੇ ਵਿਰੋਧੀਆਂ ਵਜੋਂ ਪੇਸ਼ ਕਰਦਾ ਹੈ। ਕਾਨੂ ਸਾਨਿਆਲ ਦੇ ਪਿਤਾ ਦੇ ਸ਼ਬਦਾਂ ਵਿੱਚ-

*"ਉਹ ਕਮਿਊਨਿਸਟ ਸੁਭਾਸ਼ ਚੰਦਰ ਬੋਸ ਨੂੰ ਗੱਦਾਰ ਕਹਿੰਦੇ ਹਨ। ਮੈਂ ਸੋਚਦਾ ਕਿ ਉਹ ਲੋਕ ਕਿੰਨੇ ਮੂਰਖ ਹਨ।"* [15]

ਜਿਸਦਾ ਕਾਰਨ ਜੀਵਨੀਕਾਰ ਨੇ ਸੁਭਾਸ਼ ਚੰਦਰ ਬੋਸ ਦੇ ਹਿਟਲਰ ਨਾਲ ਸੰਬੰਧਾਂ ਨੂੰ ਠਹਿਰਾਇਆ ਹੈ, ਜਿਸ ਬਾਰੇ ਲੇਖਕ ਕੋਈ ਪ੍ਰਮਾਣ ਨਹੀਂ ਦਿੰਦਾ ਪਰ ਨਾਲ ਹੀ ਨਾਲ ਸੁਭਾਸ਼ ਚੰਦਰ ਬੋਸ ਨੂੰ ਆਜ਼ਾਦੀ ਸੰਗਰਾਮੀ ਦਾ ਰੁਤਬਾ ਦਿੰਦੇ ਹੋਏ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਉਚਿਆਣ ਦਾ ਯਤਨ ਕਰਦਾ ਹੈ, ਜਿਸਨੂੰ ਕਾਨੂ ਸਾਨਿਆਲ ਜੇਲ੍ਹ ਤੱਕ ਮਿਲਣ ਜਾਂਦੇ ਹਨ। ਇਥੇ ਲੇਖਕ ਸੁਭਾਸ਼ ਚੰਦਰ ਬੋਸ ਦੇ ਹਿਟਲਰ ਨਾਲ ਸਬੰਧਾਂ ਅਤੇ ਉਸਦੇ ਆਜ਼ਾਦੀ ਦੇ ਸੱਚੇ ਸੰਗਰਾਮੀ ਹੋਣ ਨੂੰ ਪੇਸ਼ ਕਰਦੇ ਹੋਏ ਸੁਭਾਸ਼ ਚੰਦਰ ਬੋਸ ਦੇ ਅਕਸ ਨੂੰ ਧੁੰਦੂਕਾਰੇ ਵਿੱਚ ਪਾ ਦਿੰਦਾ ਹੈ, ਜਿਸ ਬਾਰੇ ਕਾਨੂ ਸਾਨਿਆਲ ਤੇ ਲੇਖਕ ਆਪਣੀ ਕੋਈ ਵਾਜਬ ਟਿੱਪਣੀ ਦੇਣ ਤੋਂ ਲਾਂਭੇ ਹੋਏ ਲੱਗਦੇ ਹਨ।

ਜੀਵਨੀਕਾਰ ਨਕਸਲੀਆਂ ਦੇ ਹਮਲਿਆਂ ਤੋਂ ਬਾਅਦ ਵੱਡੇ ਜਗੀਰਦਾਰਾਂ ਦੇ ਮਨ ਵਿੱਚ ਡਰ ਪੈਦਾ ਕਰਨ ਲਈ ਜਲੂਸ ਤੇ ਰੈਲੀਆਂ ਦੀ ਮਹਤੱਤਾ ਨੂੰ ਉਭਾਰਦਾ ਹੈ। ਉਹ ਜ਼ਿਕਰ ਕਰਦਾ ਹੈ ਕਿ ਇਹਨਾਂ ਜਲੂਸਾਂ ਵਿਚ ਲੋਕ ਸਿਰਾਂ ਤੇ ਲਾਲ ਦੁਪੱਟੇ ਬੰਨ੍ਹ ਕੇ ਅਤੇ ਹੱਥਾਂ ਵਿਚ ਘਰੇਲੂ ਹਥਿਆਰ ਡੰਡੇ, ਸੋਟੀਆਂ, ਤੀਰ ਕਮਾਨ ਆਦਿ ਲੈ ਕੇ ਨਾਅਰੇ ਮਾਰਦੇ ਸ਼ਾਮਲ ਹੁੰਦੇ ਸਨ। ਇਸ ਤਰ੍ਹਾਂ ਜਲੂਸ ਕੋਈ ਰਾਜਨੀਤਿਕ ਪ੍ਰਦਰਸ਼ਨੀ ਨਾ ਹੋ ਕੇ ਤਿਉਹਾਰ ਬਣ ਜਾਂਦਾ ਸੀ ਕਿਉਂਕਿ ਜਲੂਸ ਜਾਂ ਸਮਾਗਮਾਂ ਵਿੱਚ ਚਾਹ ਅਤੇ ਤੰਬਾਕੂ ਦੀਆਂ ਦੁਕਾਨਾਂ ਅਤੇ ਮਨੋਰੰਜਨ ਲਈ ਗਾਉਣ ਵਜਾਉਣ ਦਾ ਪ੍ਰਬੰਧ ਹੁੰਦਾ ਸੀ। ਇਸ ਪ੍ਰਕਾਰ ਲੇਖਕ ਕਾਨੂ ਸਾਨਿਆਲ ਦੇ ਵਿਚਾਰਾਂ ਅਨੁਸਾਰ ਜਲੂਸ ਨੂੰ ਤਿਉਹਾਰ ਦਾ ਨਾਂ ਤਾਂ ਦੇ ਦਿੰਦਾ ਹੈ ਪਰ ਮੌਤਾਂ,ਜ਼ਿਮੀਂਦਾਰਾਂ ਦੇ ਸਹਿਮ, ਉਨ੍ਹਾਂ ਦੇ ਸ਼ੰਕੇ, ਮਨੋਵੇਗਾਂ ਨੂੰ ਲੇਖਕ ਜੀਵਨੀ ਵਿੱਚ ਕੋਈ ਵਿਸ਼ੇਸ਼ ਥਾਂ ਨਹੀਂ ਦੇ ਪਾਉਂਦਾ।

ਕਾਨੂੰ ਸਾਨਿਆਲ ਦੀ ਇਸ ਜੀਵਨੀ ਵਿਚਲੇ ਸਮਾਚਾਰਾਂ ਤੋਂ ਪਤਾ ਲੱਗਦਾ ਹੈ ਕਿ ਕਮਿਊਨਿਸਟ ਲਹਿਰ ਵਿੱਚ ਔਰਤਾਂ ਪੂਰੀ ਤਰ੍ਹਾਂ ਸਰਗਰਮ ਰਹਿੰਦੀਆਂ ਹਨ। ਜ਼ਿਆਦਾਤਰ ਔਰਤਾਂ ਪੁਲਿਸ ਤੇ ਨਿਗਰਾਨੀ ਰੱਖਣ ਦਾ ਕਾਰਜ ਕਰਦੀਆਂ ਹਨ। ਜਦੋਂ ਜਲੂਸ ਜਾਂ ਕਿਸੇ ਜ਼ਮੀਨ ਤੇ ਕਬਜ਼ਾ ਕਰਨਾ ਹੁੰਦਾ ਸੀ ਤਾਂ ਔਰਤਾਂ ਨੂੰ ਜਲੂਸ ਦੇ ਅੱਗੇ ਲਾਇਆ ਜਾਂਦਾ ਸੀ। ਔਰਤਾਂ ਨੂੰ ਰੋਕਣ ਦਾ ਮਤਲਬ ਹੁੰਦਾ ਸੀ ਹਿੰਸਾ ਨੂੰ ਬੁਲਾਵਾ ਦੇਣਾ। ਇਸ ਤੋਂ ਬਿਨਾਂ ਲੇਖਕ ਦਾ ਕਾਨੂ ਸਾਨਿਆਲ ਦੇ ਮੁਢਲੇ ਦਿਨਾਂ ਵਿੱਚ ਜਨ ਸੁਰੱਖਿਆ ਸੰਘ ਵਿੱਚ ਰਾਖਾਲ ਦੀ ਭੈਣ ਰੇਨੂਕਾ ਨੂੰ ਸ਼ਾਮਿਲ ਕਰਨ ਅਤੇ ਮਿੰਜ ਦੀ ਪਤਨੀ ਸੋਫ਼ੀਆ ਦੇ ਯੋਗਦਾਨ ਨੂੰ ਵਿਸ਼ੇਸ਼ ਉਲੀਕਿਆ ਹੈ, ਜੋ ਅੰਤ ਅੰਡਰਗਰਾਊਂਡ ਹੋਣ ਸਮੇਂ ਨਮੂਨੀਆ ਹੋ ਜਾਣ ਕਾਰਨ ਬਿਨਾਂ ਸੰਭਾਲ ਅਤੇ ਦਵਾ ਤੋਂ ਮਰ ਜਾਂਦੀ ਹੈ। ਇਸ ਤਰ੍ਹਾਂ ਲੇਖਕ ਕਮਿਊਨਿਸਟਾਂ ਦੀਆਂ ਤੰਗੀਆਂ ਤੁਰਸ਼ੀਆਂ ਅਤੇ ਕਮਿਊਨਿਸਟਾਂ ਦੇ ਕਿਸੇ ਵਿਅਕਤੀ ਪ੍ਰਤੀ ਸਨੇਹ ਦੇ ਮਾਰਮਿਕ ਬਿੰਬ ਨੂੰ ਪੇਸ਼ ਕਰਦਾ ਹੈ। ਮਜ਼ਦੂਰ ਵਰਗ ਦੀਆਂ ਔਰਤਾਂ ਹੀ ਕਮਿਊਨਿਸਟ ਪਾਰਟੀ ਵਿਚ ਯੋਗਦਾਨ ਨਹੀਂ ਪਾਉਂਦੀਆਂ ਸਗੋਂ ਜਦੋਂ ਸਰਕੇਤ ਸਿੰਘ ਜਗੀਰਦਾਰ ਆਪਣੇ ਹਿੱਸੇਦਾਰਾਂ ਨੂੰ ਹਿੱਸਾ ਦੇਣ ਤੋਂ ਇਨਕਾਰ ਕਰਦਾ ਹੈ ਅਤੇ ਕਾਨੂ ਸਾਨਿਆਲ ਉਨ੍ਹਾਂ ਦੇ ਹੱਕਾਂ ਲਈ, ਜ਼ਿਮੀਦਾਰਾਂ ਦੇ ਘਰ ਜਾਂਦਾ ਹੈ ਤਾਂ ਉਨ੍ਹਾਂ ਦੀਆਂ ਪਤਨੀਆਂ ਲਾਠੀਆਂ ਤੇ ਡੰਡਿਆਂ ਨਾਲ ਸਾਨਿਆਲ ਦੀ ਟੀਮ ਤੇ ਹਮਲਾ ਕਰਦੀਆਂ ਹਨ। ਇਸ ਤਰ੍ਹਾਂ ਔਰਤਾਂ ਦਾ ਧਰਮ ਤੇ ਵਿਚਾਰਧਾਰਾ ਮਰਦ ਸੱਤਾ ਹੀ ਹੋ ਗਈ ਲੱਗਦੀ ਹੈ। ਜੀਵਨੀਕਾਰ ਸਮਾਜਿਕ ਜੀਵਨ ਵਿਚ ਔਰਤ ਦੀ ਹੋਂਦ ਦੇ ਸਵਾਲ ਨੂੰ ਜੀਵਨੀ ਵਿੱਚੋਂ ਖ਼ਤਮ ਨਹੀਂ ਹੋਣ ਦਿੰਦਾ। ਸਾਨਿਆਲ ਜਵਾਨੀ ਵਿੱਚ ਵਿਆਹ ਨਾ ਕਰਵਾਉਣ ਦਾ ਫ਼ੈਸਲਾ ਕਰਕੇ ਅੰਤ ਤੱਕ ਲੋਕ ਹੱਕਾਂ ਲਈ ਲੜਨ ਦਾ ਪ੍ਰਣ ਕਰਦਾ ਹੈ ਪਰ ਅੰਤ ਵਿੱਚ ਲੇਖਕ ਸਾਨਿਆਲ ਦੇ ਇਕੱਲੇਪਨ ਨੂੰ ਪ੍ਰਸਤੁਤ ਕਰਦਾ ਹੋਇਆ ਔਰਤ ਦੀ ਅਹਿਮੀਅਤਤਾ

ਨੂੰ ਪੇਸ਼ ਕਰਦਾ ਹੈ। ਜਦੋਂ ਆਖਰੀ ਸਮੇਂ ਕਾਨੂ ਤੋਂ ਵਿਆਹ ਬਾਰੇ ਪੁੱਛਿਆ ਜਾਂਦਾ ਹੈ ਤਾਂ ਉਹ ਆਖਦਾ ਹੈ ਕਿ:-

*"ਕੁੱਝ ਪ੍ਰਮੁੱਖ ਕਾਮਰੇਡ ਹਨ ਜੋ ਹਮੇਸ਼ਾ ਹੀ ਵਿਆਹ ਦੇ ਖ਼ਿਲਾਫ਼ ਸੋਚਦੇ ਹਨ ਪਰ ਮੈਨੂੰ ਲੱਗਦਾ ਹੈ ਕਿ ਇੱਕ ਕਮਿਊਨਿਸਟ ਨੂੰ ਸਹੀ ਉਮਰ ਵਿੱਚ ਵਿਆਹ ਕਰ ਲੈਣਾ ਚਾਹੀਦਾ ਹੈ। ਉਸ ਵਿੱਚ ਕੋਈ ਬੁਰਾਈ ਨਹੀਂ ਹੈ।"* [16]

ਪਰ ਜੀਵਨੀਕਾਰ ਦੱਸਦਾ ਹੈ ਕਿ ਕਾਨੂ ਸਾਨਿਆਲ ਤਾਂ ਆਖਰੀ ਸਮੇਂ ਆਪਣੀ ਵਿਆਹ ਪ੍ਰਤੀ ਸੋਚ ਨੂੰ ਸਹੀ ਸਾਬਤ ਕਰਨ ਦੇ ਲਈ ਮਾਓ ਜੇ ਤੁੰਗ ਦਾ ਹਵਾਲਾ ਤੱਕ ਦੇ ਦਿੰਦਾ ਹੈ:-

*"ਮਾਓ ਜੇ ਤੁੰਗ ਨੇ ਤਿੰਨ ਵਿਆਹ ਕੀਤੇ ਸਨ ਪਰ ਕੀ ਇਸ ਵਜ੍ਹਾ ਕਾਰਨ ਉਹਨਾਂ ਨੂੰ ਚੀਨ ਵਿੱਚ ਕਮਿਊਨਿਜ਼ਮ ਨੂੰ ਹਾਸਿਲ ਕਰਨ ਵਿੱਚ ਕੋਈ ਰੁਕਾਵਟ ਆਈ? ਇਸ ਲਈ, ਮੇਰਾ ਵਿਚਾਰ ਹੈ ਕਿ ਵਿਅਕਤੀ ਨੂੰ ਸੰਪੂਰਨਤਾ ਨੂੰ ਪ੍ਰਾਪਤ ਕਰਨ ਲਈ ਵਿਆਹ ਕਰਨਾ ਚਾਹੀਦਾ ਹੈ।"* [17]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਅੰਤ ਵਿੱਚ ਜੀਵਨੀ ਵਿਆਹ ਅਤੇ ਔਰਤ ਦੀ ਅਹਿਮੀਅਤ ਨੂੰ ਉਭਾਰਦੀ ਹੋਈ ਮਨੁੱਖੀ ਮਨ ਦੀ ਇਕੱਲਤਾ ਨੂੰ ਵੀ ਪੇਸ਼ ਕਰ ਜਾਂਦੀ ਹੈ। ਜਦੋਂ ਕਾਨੂ ਸਾਨਿਆਲ ਵਿਆਹ ਤੋਂ ਮੁਨਕਰ ਹੁੰਦਾ ਹੈ ਉਦੋਂ ਲੇਖਕ ਉਸ ਨੂੰ ਮਹਾਨਤਾ ਨਾਲ ਜੋੜਦਾ ਹੈ ਤੇ ਜਦੋਂ ਅੰਤ ਵਿੱਚ ਕਾਨੂ ਸਾਨਿਆਲ ਵਿਆਹ ਦੇ ਹੱਕ ਵਿੱਚ ਹੋ ਜਾਂਦਾ ਹੈ ਤਾਂ ਲੇਖਕ ਫਿਰ ਚੁੱਪ ਰਹਿੰਦਾ ਹੈ ਜਿਸ ਤੋਂ ਲੇਖਕ ਦੀ ਕਾਹਨੂੰ ਸਾਨਿਆਲ ਪ੍ਰਤੀ ਉਲਾਰ ਬਿਰਤੀ ਦਾ ਪਤਾ ਲਗਦਾ ਹੈ।

ਜੀਵਨੀਕਾਰ ਸ਼ਿਰਫ ਭਾਰਤੀ ਰਾਜਨੀਤੀ ਦੀ ਗੱਲ ਹੀ ਨਹੀਂ ਕਰਦਾ ਸਗੋਂ ਉਹ ਵਿਸ਼ਵ ਪੱਧਰ ਦੀ ਰਾਜਨੀਤੀ ਅਤੇ ਉਸਦੇ ਭਾਰਤ ਉੱਪਰ ਪਏ ਪ੍ਰਭਾਵਾਂ ਦੀ ਚਰਚਾ ਕਰਦਾ ਹੈ। ਭਾਰਤ ਇੰਗਲੈਂਡ ਦਾ ਗੁਲਾਮ ਹੋਣ ਕਾਰਨ ਦੂਸਰੇ ਵਿਸ਼ਵ ਯੁੱਧ ਵਿਚ ਹਿੱਸਾ ਲੈਂਦਾ ਹੈ, ਜਿਸ ਵਿੱਚ ਭਾਰਤ ਨੂੰ ਸਮਾਜਿਕ ਅਤੇ ਆਰਥਿਕ ਸੰਕਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਕਾਰਨ ਬੰਗਾਲ ਵਿੱਚ ਅੰਨ ਦੀ ਘਾਟ ਹੋ ਜਾਂਦੀ ਹੈ ਅਤੇ ਦਾਰਜਲਿੰਗ ਵਿੱਚ ਬਹੁਤ ਸਾਰੀਆਂ ਔਰਤਾਂ ਕੱਪੜਿਆਂ ਦੀ ਘਾਟ ਕਾਰਨ ਆਤਮ ਹੱਤਿਆਵਾਂ ਕਰ ਲੈਂਦੀਆਂ ਹਨ। ਇਸਦੇ ਨਾਲ-ਨਾਲ ਲੇਖਕ ਚੀਨ ਦੀ ਰਾਜਨੀਤੀ ਦਾ, ਜੋ ਪ੍ਰਭਾਵ ਭਾਰਤ ਉੱਤੇ ਪਿਆ, ਉਸ ਨੂੰ ਉਲੀਕਣ ਦੀ ਵੀ ਕੋਸ਼ਿਸ਼ ਕਰਦਾ ਹੈ।

*"ਭਾਰਤ ਦੀਆਂ ਰਾਜਨੀਤਕ ਪਾਰਟੀਆਂ ਨੂੰ ਸੋਧਵਾਦੀ ਅਮਰੀਕਾ ਦੇ ਪਾਲਤੂ ਕੁੱਤੇ ਅਤੇ ਪਿਆਦੇ ਤੱਕ ਦੱਸਿਆ ਹੈ ਜਿਵੇਂ ਕਿ ਕਾਂਗਰਸ ਬਾਰੇ ਚੀਨੀ ਬਿਆਨ ਹੈ ਕਿ ਗਾਂਧੀਵਾਦੀ ਵਿਚਕਾਰਲਾ ਰਸਤਾ ਹੈ, ਜੋ ਬਕਵਾਸ ਅਤੇ ਭਾਰਤੀ ਲੋਕਾਂ ਨੂੰ ਸ਼ਾਸਕ ਵਰਗ ਦੁਆਰਾ ਦਿੱਤੀ ਜਾਣ ਵਾਲੀ ਅਫੀਮ ਦੀ ਤਰ੍ਹਾਂ ਹੈ ਜੋ ਉਨ੍ਹਾਂ ਨੂੰ ਅਪੰਗ ਬਣਾ ਦਿੰਦੀ ਹੈ।"* [18]

ਖੱਬੇ ਪੱਖੀ ਲਹਿਰਾਂ ਨੂੰ ਦਬਾਉਣ ਲਈ ਸਰਕਾਰ ਅਤੇ ਜਿਮੀਂਦਾਰ ਕੋਝੀਆਂ ਚਾਲਾਂ ਚੱਲਦੇ ਰਹਿੰਦੇ ਸਨ। ਜੀਵਨੀਕਾਰ ਨੇ ਵਿਚਾਰ ਅਧੀਨ ਜੀਵਨੀ ਵਿੱਚ ਇਸ ਲਹਿਰ ਵਿਰੋਧੀ ਚਾਲਾਂ ਦੀ ਵਿਸਥਾਰ ਵਿੱਚ ਚਰਚਾ ਕੀਤੀ ਹੈ ਜਿਵੇਂ ਕਿ ਚੰਪਾਕਲੀ ਪਿੰਡ ਵਿੱਚ ਜਿਮੀਦਾਰਾਂ ਵੱਲੋਂ ਕੀਤਾ ਗਿਆ ਹਮਲਾ, ਪਹਾੜ ਕੰਮੀਆਂ ਦੇ ਚਾਹ ਬਾਗ ਵਿੱਚ ਅੰਗਰੇਜ਼ ਪ੍ਰਬੰਧਕਾਂ ਦੁਆਰਾ ਮਜ਼ਦੂਰਾਂ ਦੇ ਝੰਡਿਆਂ ਨੂੰ ਪਾੜ ਦੇਣਾ, ਮੰਚ ਨੂੰ ਤੋੜ ਦੇਣਾ, ਕਰਜ਼ੇ ਵਸੂਲੀ ਦੇ ਨਾਂ ਤੇ ਜ਼ਮੀਨਾਂ ਨੂੰ ਹਥਿਆਉਣਾ, ਅਦਿਹਰ ਰਸਮ ਦੇ ਰੂਪ ਵਿੱਚ ਕਿਸਾਨਾਂ ਦਾ ਸ਼ੋਸ਼ਣ ਕਰਨਾ, ਬੰਗਾਲ ਵਿੱਚ ਸੀ.ਆਰ.ਪੀ.ਐੱਫ. ਦੇ ਜਵਾਨਾਂ ਨੂੰ ਤਾਇਨਾਤ ਕਰਕੇ ਉਨ੍ਹਾਂ ਨੂੰ ਹੁਕਮ ਦੇਣਾ ਕਿ ਕਾਮਰੇਡਾਂ ਨੂੰ ਦੇਖਦਿਆਂ ਹੀ ਗੋਲੀ ਮਾਰ ਦਿੱਤੀ ਜਾਵੇ ਆਦਿ ਘਟਨਾਵਾਂ ਇਸ ਦੀ ਗਵਾਹੀ ਭਰਦੀਆਂ ਹਨ।

*"ਜੀਵਨੀ ਸਾਹਿਤ ਵਿੱਚ ਕੇਵਲ ਵਸਤੂ ਹੀ ਨਹੀਂ ਸਗੋਂ ਵਸਤੂ ਨੂੰ ਪ੍ਰਗਟਾਉਣ ਦਾ ਢੰਗ ਵੀ ਵਿਸ਼ੇਸ਼ ਮਹੱਤਵ ਰੱਖਦਾ ਹੈ ਅਤੇ ਕਹਿਣ ਢੰਗ ਜਿੰਨਾ ਪ੍ਰਭਾਵਸ਼ਾਲੀ ਹੋਵੇਗਾ ਸਾਹਿਤਕ ਰਚਨਾ ਵੀ ਉੰਨੀ ਹੀ ਮਕਬੂਲ ਹੋਵੇਗੀ। ਜੀਵਨੀ ਸਾਹਿਤ ਵਿੱਚ ਸਾਹਿਤਕਾਰ ਦੁਆਰਾ ਬੌਧਿਕਤਾ, ਸੰਖੇਪਤਾ, ਰੌਚਿਕਤਾ, ਦ੍ਰਿਸ਼ ਸਿਰਜਣ, ਨਾਇਕ ਚਿੱਤਰਨ, ਤੁਲਨਾਤਮਕਤਾ ਅਤੇ ਉਚਿੱਤ ਭਾਸ਼ਾ ਸ਼ੈਲੀ ਰਾਹੀ ਵਿਸ਼ੇ ਨੂੰ ਪ੍ਰਗਟਾਉਣਾ ਹੀ ਕਲਾਤਮਿਕ ਵਿਸ਼ੇਸ਼ਤਾਵਾਂ ਹਨ।"* [19]

ਜੀਵਨੀਕਾਰ ਜੀਵਨੀ ਵਿੱਚ ਰੌਚਿਕਤਾ ਅਤੇ ਉਤਸੁਕਤਾ ਨੂੰ ਸ਼ੁਰੂ ਤੋਂ ਅਖੀਰ ਤੱਕ ਬਣਾਏ ਰੱਖਣ ਦਾ ਯਤਨ ਕਰਦਾ ਹੈ। ਇਹ ਜੀਵਨੀ ਜਨਮ ਤੋਂ ਸ਼ੁਰੂ ਹੋਣ ਦੀ ਬਜਾਏ ਕਾਨੂ ਸਾਨਿਆਲ ਦੀ ਮੌਤ ਤੋਂ ਸ਼ੁਰੂ ਹੁੰਦੀ ਹੈ ਅਤੇ ਫਲੈਸ਼ ਬੈਕ ਵਿਧੀ ਰਾਹੀਂ ਅੰਤ ਤੱਕ ਦਾ ਸਫ਼ਰ ਤੈਅ ਕਰਦੀ ਹੈ। ਜੀਵਨੀਕਾਰ ਸੂਖਮ ਦ੍ਰਿਸ਼ਟੀ ਨਾਲ ਘਟਨਾਵਾਂ ਨੂੰ ਉਲੀਕਦਾ ਹੈ ਅਤੇ ਤੈਅ ਦਰ ਤੈਅ ਸੰਕੇਤਆਤਮਿਕ ਭਾਸ਼ਾ ਰਾਹੀ ਕਹਾਣੀ ਦੀਆਂ ਪਰਤਾਂ ਖੋਲਦਾ ਜਾਂਦਾ ਹੈ। ਜੀਵਨੀਕਾਰ ਕਹਾਣੀ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ, ਕਿ ਪਾਠਕਾਂ ਸਾਹਮਣੇ ਘਟਨਾਵਾਂ ਦੇ ਹੂਬਹੂ ਦ੍ਰਿਸ਼ ਬਣ ਜਾਂਦੇ ਹਨ। ਜਿਵੇਂ ਕਿ

*"ਝੌਂਪੜੀ ਦੇ ਐਨ ਵਿਚਕਾਰ ਇੱਕ ਬੁੱਢਾ ਆਦਮੀ ਛੱਤ ਨਾਲ ਫਾਂਸੀ ਤੇ ਲਟਕ ਰਿਹਾ ਹੈ ਅਤੇ ਪੰਜ ਵਿਅਕਤੀ ਬਿਲਕੁਲ ਚੁੱਪ-ਚਾਪ ਉਸਨੂੰ ਘੇਰ ਕੇ ਖੜ੍ਹੇ ਹਨ।....ਝੌਂਪੜੀ ਦੇ ਅੰਦਰ ਇੱਕ ਕੋਨੇ ਵਿੱਚ ਪੁਸਤਕਾਂ, ਅਖਬਾਰਾਂ ਨਾਲ ਭਰੀ ਇੱਕ ਪੁਰਾਣੀ ਅਲਮਾਰੀ...ਡੋਰੀ ਉੱਤੇ ਪੁਰਾਣੇ ਕੱਪੜੇ ਲਮਕ ਰਹੇ ਹਨ। ਪੋਚੀਆਂ ਹੋਈਆਂ ਕੰਧਾ ਉੱਤੇ ਲੈਨਿਨ, ਸਟਾਲਿਨ ਅਤੇ ਮਾਉ ਜੇ ਤੁੰਗ ਦੀਆਂ ਫਰੇਮ ਵਿੱਚ ਜੜੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ।"* [20]

ਇਸ ਤਰ੍ਹਾਂ ਲੇਖਕ ਤਸਵੀਰਾਂ ਤੋਂ ਸੰਕੇਤਕ ਭਾਵ ਉਭਾਰਦਾ ਹੋਇਆ ਇਹ ਦਰਸਾ ਜਾਂਦਾ ਹੈ ਕਿ ਜਿਸ ਵਿਆਕਤੀ ਦੀ ਮੌਤ ਹੋਈ ਹੈ ਉਹ ਕੋਈ ਕਮਿਊਨਿਸਟ ਹੈ। ਜੀਵਨੀਕਾਰ ਰੇਖਾ-ਚਿੱਤਰੀ ਵਿਧੀ ਰਾਹੀਂ ਕਾਨੂ ਸਾਨਿਆਲ ਤੋਂ ਇਲਾਵਾ ਕਈ ਹੋਰਨਾਂ ਵਿਅਕਤੀਆਂ ਦੀ ਸ਼ਖ਼ਸੀਅਤ ਨੂੰ ਉਭਾਰਦਾ ਹੈ। ਚਰਚਾ ਅਧੀਨ ਜੀਵਨੀ ਵਿੱਚ ਚਾਰੂ ਮਜ਼ੂਮਦਾਰ, ਜੰਗਲਸੰਥਾਲ ਅਤੇ ਆਨੰਦਾ ਗੋਵਿੰਦ ਆਦਿ ਦੇ ਰੇਖਾ ਚਿੱਤਰਾਂ ਨੂੰ ਉਭਾਰਿਆ ਗਿਆ ਹੈ। ਜੰਗਲਸੰਥਾਲ ਬਾਰੇ ਜੀਵਨੀਕਾਰ ਲਿਖਦਾ ਹੈ ਕਿ:-

*"ਉਹ ਨੌਜਵਾਨ, ਰਿਸ਼ਟ- ਪੁਸ਼ਟ ਕਸਰਤੀ ਸਰੀਰ ਵਾਲਾ ਸੀ ਅਤੇ ਉਸਦੀ ਚਮੜੀ ਚਿਕਨੀ ਸੀ। ਉਸਦੀਆਂ ਅੱਖਾਂ ਜੰਗਲੀ ਬਘਿਆੜ ਦੀ ਤਰ੍ਹਾਂ ਮਘ ਰਹੀਆਂ ਸਨ।"* [21]

ਇੰਝ ਜੀਵਨੀਕਾਰ ਜੀਵਨੀ ਦੇ ਅੰਤ ਵਿੱਚ ਤਸਵੀਰਾਂ, ਖਬਰਾਂ,ਘਟਨਾਵਾਂ ਦੀਆਂ ਤਰੀਕਾਂ ਆਦਿ ਦੇ ਵੇਰਵੇ ਦਿੰਦਾ ਹੈ, ਜਿਸ ਨਾਲ ਪਾਠਕ ਦੇ ਮਨ ਵਿੱਚ ਘਟਨਾਵਾਂ ਸੱਚੀਆਂ ਹੋਣ ਦਾ ਵਿਸ਼ਵਾਸ ਬਣਿਆ ਰਹਿੰਦਾ ਹੈ। ਜੀਵਨੀਕਾਰ ਵਿਆਖਿਆਤਮਿਕ, ਪ੍ਰੋਸ਼ਨੋਤਰੀ, ਵਰਣਨਾਤਮਿਕ, ਕਥਾਤਮਿਕ ਆਦਿ ਸ਼ੈਲੀਆਂ

ਦੀ ਵਰਤੋਂ ਕਰਦਾ ਹੋਇਆ, ਕਲਾਤਮਿਕਤਾ ਨੂੰ ਬਣਾਈ ਰੱਖਦਾ ਹੈ। ਜੀਵਨੀ ਵਿੱਚ ਮੁੰਡਾ, ਨੇਪਾਲੀ, ਬੰਗਾਲੀ ਆਦਿ ਭਸ਼ਾਵਾਂ ਦੇ ਸ਼ਬਦਾਂ ਦੀ ਭਰਮਾਰ ਹੈ। ਜਿਵੇਂ ਕਿ ਆਨਾ, ਆਦਿਹਰ, ਕਾਕੂ, ਦਾਜੂ, ਦੂਸਾ, ਪਾਜੇਸ਼, ਬੋਉਮਾ ਅਤੇ ਬੋੜਦਾ ਆਦਿ ਸ਼ਬਦਾਂ ਦੀ ਵਰਤੋਂ ਕਰਦਾ ਹੈ। ਅਨੁਵਾਦਕ ਨਿਰਮਿਲਜੀਤ ਨੇ ਇਹਨਾਂ ਸ਼ਬਦਾਂ ਦੀ ਵਰਤੋਂ ਤਤਸਮ ਰੂਪਾਂ ਵਿੱਚ ਹੀ ਕੀਤੀ ਹੈ।

ਉਪਰੋਕਤ ਚਰਚਾ ਨੂੰ ਸਮੇਟਦਿਆਂ ਹੋਇਆ ਕਿਹਾ ਜਾ ਸਕਦਾ ਹੈ ਕਿ ਜੀਵਨੀ ਵਿੱਚ ਦੁਹਰਾ-ਮੁਖਤਾ, ਫਾਲਤੂ ਵਿਸਥਾਰ ਅਤੇ ਨਾਇਕ ਪ੍ਰਤੀ ਜੀਵਨੀਕਾਰ ਦੀ ਉਲਾਰ ਬਿਰਤੀ ਆਦਿ ਕਮੀਆਂ ਹੋਣ ਦੇ ਬਾਵਜੂਦ ਜੀਵਨੀ ਵਿਸ਼ੇਸ਼ ਸਮੇਂ ਦੀ ਇਤਿਹਾਸਿਕ ਗਾਥਾ ਹੋ ਨਿਬੜਦੀ ਹੈ। ਅਨੁਵਾਦਕ ਨੇ ਇਸ ਪੁਸਤਕ ਦਾ ਅਨੁਵਾਦ ਹਿੰਦੀ ਦੀ ਪੁਸਤਕ 'ਪਹਿਲਾ ਨਕਸਲੀ ਕਾਨੂ ਸਾਨਿਆਲ ਕੀ ਅਧਿਕਿਰਤ ਜੀਵਨੀ' ਤੋਂ ਕੀਤਾ ਹੈ ਪਰ ਇਸ ਪੁਸਤਕ ਵਿਚ ਅਨੁਵਾਦਕ ਇਸ ਗੱਲ ਦਾ ਜ਼ਿਕਰ ਤੱਕ ਨਹੀਂ ਕਰਦਾ ਕਿ ਉਸ ਨੇ ਇਹ ਅਨੁਵਾਦ ਹਿੰਦੀ ਤੋਂ ਪੰਜਾਬੀ ਵਿਚ ਕੀਤਾ ਹੈ। ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਅਨੁਵਾਦਕ ਇਹ ਸਾਬਿਤ ਕਰਨ ਦਾ ਯਤਨ ਕਰਦੀ ਹੈ ਕਿ ਉਸ ਨੇ ਇਹ ਕਿਤਾਬ ਅੰਗਰੇਜ਼ੀ ਦੀ ਮੂਲ ਪੁਸਤਕ ਤੋਂ ਅਨੁਵਾਦ ਕੀਤੀ ਹੈ। ਸਮੁੱਚੇ ਤੌਰ 'ਤੇ ਇਹ ਕਿਤਾਬ ਨਕਸਲਬਾੜੀ ਲਹਿਰ ਨਾਲ ਸੰਬੰਧਿਤ ਇਤਿਹਾਸਕ ਸਾਹਿਤ ਅਤੇ ਪੰਜਾਬੀ ਅਨੁਵਾਦ ਪਰੰਪਰਾ ਵਿਚ ਇਕ ਧਿਆਨਦੇਣਯੋਗ ਕਿਤਾਬ ਹੈ।

## ਹਵਾਲੇ ਅਤੇ ਟਿੱਪਣੀਆਂ


1. *ਬੱਧਾਦਤਯਾ ਪਾਲ, ਪਹਿਲਾ ਨਕਸਲੀ ਕਾਨੂੰ ਸਾਨਿਆਲ, ਅਨੁਵਾਦਕ ਨਿਰਮਲਜੀਤ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ: 282*
2. *-ਉਹੀ- , ਪੰਨਾ:: 239*
3. *ਰਾਜਵਿੰਦਰ ਕੌਰ, ਜੀਵਨੀ ਸਿਧਾਂਤ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ , ਪੰਨਾ: 4*
4. *-ਉਹੀ- , ਪੰਨਾ: 7*
5. *ਜਰਨੈਲ ਸਿੰਘ, ਨਕਸਲਬਾੜੀ ਲਹਿਰ ਦੇ ਅਣਗੌਲੇ ਕਵੀ, ਖੋਜ ਨਿਬੰਧ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2008-09 ਪੰਨਾ: 48*
6. *ਕਰਮਜੀਤ ਸਿੰਘ, ਆਧੁਨਿਕ ਪੰਜਬੀ ਕਾਵਿ ਧਰਾਵਾਂ ਦੇ ਵਿਚਾਰਧਰਾਈ ਆਧਾਰ, ਖੋਜ ਪ੍ਰਬੰਧ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014, ਪੰਨਾ: 6*
7. *-ਉਹੀ- , ਪੰਨਾ: 4*
8. *ਬੱਧਾਦਤਾ ਪਾਲ, ਪਹਿਲਾ ਨਕਸਲੀ ਕਾਨੂ ਸਾਨਿਆਲ ਦੀ ਜੀਵਨੀ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ: 4*
9. *ਰਾਜਵਿੰਦਰ ਕੌਰ, ਜੀਵਨੀ ਸਿਧਾਂਤ ਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ: 5*
10. *ਬੱਧਾਦਤਯਾ ਪਾਲ, ਪਹਿਲਾ ਨਕਸਲੀ ਕਾਨੂੰ ਸਾਨਿਆਲ ਦੀ ਜੀਵਨੀ, ਅਨੁਵਾਦਕ ਨਿਰਮਲਜੀਤ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ: 30*
11. *ਉਧਰਿਤ, ਜਰਨੈਲ ਸਿੰਘ, ਨਕਸਲਬਾੜੀ ਲਹਿਰ ਦੇ ਅਣਗੌਲੇ ਕਵੀ, ਖੋਜ ਨਿਬੰਧ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2008-09 ਪੰਨਾ: 32*
12. *ਉਧਰਿਤ, ਪਰਮਜੀਤ ਸਿੰਘ, ਆਧੁਨਿਕ ਪੰਜਬੀ ਕਾਵਿ ਧਰਾਵਾਂ ਦੇ ਵਿਚਾਰਧਰਾਈ ਆਧਾਰ, ਖੋਜ ਪ੍ਰਬੰਧ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014, ਪੰਨਾ: 5*
13. *ਬੱਧਾਦਤਯਾ ਪਾਲ, ਪਹਿਲਾ ਨਕਸਲੀ ਕਾਨੂ ਸਾਨਿਆਲ, ਅਨੁਵਾਦਕ ਨਿਰਮਲਜੀਤ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ: 119*
14. *-ਉਹੀ- , ਪੰਨਾ: 282*
15. *-ਉਹੀ- , ਪੰਨਾ: 12*
16. *-ਉਹੀ- , ਪੰਨਾ: 238*
17. *-ਉਹੀ- , ਪੰਨਾ: 238*
18. *-ਉਹੀ- , ਪੰਨਾ: 124*
19. *ਡਾ. ਰਾਜਵਿੰਦਰ ਕੌਰ, ਜੀਵਨੀ ਸਿਧਾਂਤ ਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2017, ਪੰਨਾ: 119*
20. *-ਉਹੀ- , ਪੰਨਾ: 1*
21. *-ਉਹੀ- , ਪੰਨਾ: 1*



***Cite this Article-***

*ਜਗਤਾਰ ਸਿੰਘ (Jagtar singh), ਪਹਿਲਾ ਨਕਸਲੀ ਕਾਨੂ ਸਾਨਿਆਲ ਦੀ ਜੀਵਨੀ: ਇੱਕ ਅਧਿਐਨ (Pahila Naksali Kaanu Saniyal Di Jivni : Ik Adhiyain), ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 52-57.*

*Journal URL: www.armaan.org.in*

*DOI: https://doi.org/10.64119/armaan.vol.4.issue1.10*



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/